Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 02 | 26/06/2026 | www.samajweekly.com | samajweekly | @samajweekly | samajweekly

# ਵੈਨੇਜ਼ੁਏਲਾ ਵਿੱਚ ਆਏ ਸ਼ਕਤੀਸ਼ਾਲੀ ਭੂਚਾਲ ਨਾਲ ਵੱਡੀ ਤਬਾਹੀ

## ਵੈਨੇਜ਼ੁਏਲਾ ਵਿੱਚ ਭੂਚਾਲ ਕਾਰਨ 188 ਲੋਕਾਂ ਦੀ ਮੌਤ, 971 ਜ਼ਖਮੀ: ਕਾਰਜਕਾਰੀ ਰਾਸ਼ਟਰਪਤੀ

**ਕਾਰਾਕਸ,** । ਵੈਨੇਜ਼ੁਏਲਾ ਵਿੱਚ ਅੱਜ ਤੜਕੇ ਇੱਕ ਤੋਂ ਬਾਅਦ ਇੱਕ ਆਏ ਦੋ ਸ਼ਕਤੀਸ਼ਾਲੀ ਭੂਚਾਲਾਂ ਕਾਰਨ ਉੱਥੇ ਭਾਰੀ ਤਬਾਹੀ ਹੋਈ ਹੈ। ਪਹਿਲਾਂ ਝਟਕਾਂ 7.2 ਅਤੇ ਦੂਜਾ 7.5 ਤੀਬਰਤਾ ਦਾ ਦੱਸਿਆ ਗਿਆ ਹੈ। ਅਮਰੀਕੀ ਭੂ-ਵਿਗਿਆਨ ਸਰਵੇਖਣ ਅਨੁਸਾਰ, ਪਹਿਲਾ 7.2 ਤੀਬਰਤਾ ਦਾ ਭੂਚਾਲ ਕੈਰੇਬੀਅਨ ਤੱਟ ਤੇ ਮੋਰੋਨ ਸ਼ਹਿਰ ਤੋਂ ਪੱਛਮ ਵੱਲ 22 ਕਿਲੋਮੀਟਰ ਦੀ ਡੂੰਘਾਈ ਤੇ ਆਇਆ। ਇਸਦੇ ਇੱਕ ਮਿੰਟ ਬਾਅਦ ਹੀ 10 ਕਿਲੋਮੀਟਰ ਦੀ ਡੂੰਘਾਈ ਤੇ 7.5 ਤੀਬਰਤਾ ਦਾ ਦੂਜਾ ਵੱਡਾ ਝਟਕਾ ਮਹਿਸੂਸ ਕੀਤਾ ਗਿਆ। ਇਹ ਇੱਕ ਸਦੀ ਵਿੱਚ ਵੈਨੇਜ਼ੁਏਲਾ ਵਿੱਚ ਆਏ ਸਭ ਤੋਂ ਭਿਆਨਕ ਭੂਚਾਲ ਮੰਨੇ ਜਾ ਰਹੇ ਹਨ। ਸਭ ਤੋਂ ਵੱਧ ਪ੍ਰਭਾਵਿਤ ਰਾਜ 'ਲਾ ਗੁਆਇਰਾ' ਦੱਸਿਆ ਜਾ ਰਿਹਾ ਹੈ, ਜਿੱਥੇ ਦਰਜਨਾਂ ਇਮਾਰਤਾਂ ਢਹਿ-ਢੇਰੀ ਹੋ ਗਈਆਂ ਹਨ। ਭੂਚਾਲ ਤੋਂ ਬਾਅਦ ਕਾਰਾਕਸ ਦੀਆਂ ਸੜਕਾਂ ਤੇ ਇਮਾਰਤਾਂ ਦੀਆਂ ਕੰਧਾਂ ਡਿੱਗਣ ਕਾਰਨ ਮਲਬੇ ਅਤੇ ਟੁੱਟੇ ਖੰਭਿਆਂ ਨੇ ਸੜਕਾਂ ਜਾਮ ਕਰ ਦਿੱਤੀਆਂ, ਜਦਕਿ ਕਈ ਇਲਾਕਿਆਂ ਵਿੱਚ ਬਿਜਲੀ ਅਤੇ ਮੋਬਾਈਲ ਸੇਵਾਵਾਂ ਠੱਪ ਹੋ ਗਈਆਂ ਹਨ। ਭੂਚਾਲ ਦੇ ਝਟਕੇ ਕੋਲੰਬੀਆ ਵਿੱਚ ਵੀ ਮਹਿਸੂਸ ਕੀਤੇ ਗਏ, ਪਰ ਉੱਥੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਮਰੀਕੀ ਪੈਸੀਫਿਕ ਸੁਨਾਮੀ ਚੇਤਾਵਨੀ ਕੇਂਦਰ ਨੇ ਵਰਜਿਨ ਆਈਲੈਂਡਜ਼ ਅਤੇ ਡੋਮਿਨਿਕਨ ਰੀਪਬਲਿਕ ਲਈ ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਹੈ।ਵੈਨਜੁਏਲਾ ਦੇ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ




ਕਿਹਾ ਕਿ ਇਸ ਕੁਦਰਤੀ ਆਫ਼ਤ ਵਿੱਚ ਵੱਡੀ ਤਬਾਹੀ ਹੋਈ ਹੈ ਅਤੇ ਬਚਾਅ ਕਾਰਜ ਜਾਰੀ ਹਨ। ਉਨ੍ਹਾਂ ਕਿਹਾ ਕਿ ਬਚਾਅ ਕਰਮੀ ਮਲਬੇ ਹੇਠ ਦਬ ਗਏ ਲੋਕਾਂ ਨੂੰ ਕੱਢਣ ਦੇ ਕੰਮ ਵਿਚ ਲੱਗੇ ਹਨ ਅਤੇ ਮੌਤਾਂ ਦੀ ਗਿਣਤੀ ਬਾਰੇ ਹੁਣੇ ਕੁੱਝ ਨਹੀਂ ਕਿਹਾ ਜਾ ਸਕਦਾ। ਇਸ ਦੌਰਾਨ ਅਮਰੀਕਾ ਅਤੇ ਜਾਪਾਨ ਦੇ ਕੁੱਝ ਖੇਤਰਾਂ ਵਿੱਚ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ ਪਰੰਤੂ ਉੱਥੇ ਇਹਨਾਂ ਝਟਕਿਆਂ ਦੀ ਤੀਬਰਤਾ ਘੱਟ ਹੋਣ ਕਾਰਨ ਕਿਸੇ ਤਰ੍ਹਾਂ ਦੇ ਜਾਨੀ ਮਾਲੀ ਨੁਕਸਾਨ ਦੀ ਖਬਰ ਨਹੀਂ ਹੈ।

**ਕਰਾਕਸ:** ਵੈਨੇਜ਼ੁਏਲਾ ਦੇ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੌਡਰਿਗਜ਼ ਨੇ ਵੀਰਵਾਰ ਨੂੰ ਕਿਹਾ ਕਿ ਬੁੱਧਵਾਰ ਸ਼ਾਮ ਨੂੰ ਦੇਸ਼ ਵਿੱਚ ਆਏ ਦੋ ਸ਼ਕਤੀਸ਼ਾਲੀ ਭੂਚਾਲਾਂ ਵਿੱਚ ਘੱਟੋ-ਘੱਟ 188 ਲੋਕ ਮਾਰੇ ਗਏ ਅਤੇ 971 ਜ਼ਖਮੀ ਹੋਏ। ਰੌਡਰਿਗਜ਼ ਨੇ ਕਿਹਾ ਕਿ ਬਚਾਅ ਟੀਮਾਂ ਦੁਆਰਾ ਨੁਕਸਾਨੀਆਂ ਗਈਆਂ ਇਮਾਰਤਾਂ ਦੀ ਭਾਲ ਕਰਨ 'ਤੇ ਮੌਤਾਂ ਦੀ ਗਿਣਤੀ ਹੋਰ ਵੱਧ ਸਕਦੀ ਹੈ। 7.2 ਅਤੇ 7.5 ਤੀਬਰਤਾ ਵਾਲੇ ਭੂਚਾਲਾਂ ਤੋਂ ਬਾਅਦ ਐਮਰਜੈਂਸੀ ਟੀਮਾਂ ਪ੍ਰਭਾਵਿਤ ਖੇਤਰਾਂ ਵਿੱਚ ਕੰਮ ਕਰ ਰਹੀਆਂ ਹਨ।

ਉਸਨੇ ਕਿਹਾ ਕਿ ਲਾ ਗੁਆਇਰਾ ਰਾਜ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ।

"ਬਹੁਤ ਸਾਰੀਆਂ ਇਮਾਰਤਾਂ ਪੂਰੀ ਤਰ੍ਹਾਂ ਢਹਿ ਗਈਆਂ ਹਨ, ਅਤੇ ਬਚਾਅ ਕਾਰਜ ਜਾਰੀ ਹਨ। ਲਾ ਗੁਆਇਰਾ ਰਾਜ ਇੱਕ ਭਿਆਨਕ ਦੁਖਾਂਤ ਅਤੇ ਵਿਆਪਕ ਤਬਾਹੀ ਦਾ ਸਾਹਮਣਾ ਕਰ ਰਿਹਾ ਹੈ," ਉਸਨੇ ਕਿਹਾ। ਭੂਚਾਲ ਦਾ ਪ੍ਰਭਾਵ ਗੁਆਂਢੀ ਦੇਸ਼ਾਂ ਤੱਕ ਮਹਿਸੂਸ ਕੀਤਾ ਗਿਆ, ਅਤੇ ਬ੍ਰਾਜ਼ੀਲ ਦੇ ਐਮਾਜ਼ਾਨ ਖੇਤਰ ਵਿੱਚ ਬਹੁਤ ਸਾਰੀਆਂ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਗਿਆ।

# ਨਿਹੰਗ ਸਿੰਘਾਂ ਅਤੇ ਪੁਲੀਸ ਦਰਮਿਆਨ ਟਕਰਾਅ

**ਦੇਹਰਾਦੂਨ** ਹਿਮਾਚਲ ਪ੍ਰਦੇਸ਼-ਉੱਤਰਾਖੰਡ ਬਾਰਡਰ 'ਤੇ ਵੀਰਵਾਰ ਦੇਰ ਰਾਤ ਵੇਲੇ ਸਥਿਤੀ ਉਸ ਸਮੇਂ ਤਣਾਅਪੂਰਨ ਬਣ ਗਈ ਜਦੋਂ ਨਿਹੰਗ ਸਿੰਘਾਂ ਦੇ ਇੱਕ ਵੱਡੇ ਜਥੇ ਨੇ ਵਿਕਾਸਨਗਰ ਖੇਤਰ ਦੇ ਕੁਲਹਾਲ ਚੈੱਕ ਪੋਸਟ 'ਤੇ ਪੁਲੀਸ ਵੱਲੋਂ ਲਗਾਏ ਗਏ ਬੈਰੀਕੇਡ ਤੋੜ ਦਿੱਤੇ ਅਤੇ ਹੇਮਕੁੰਟ ਸਾਹਿਬ ਵੱਲ ਕੂਚ ਕਰ ਦਿੱਤਾ। ਜਾਣਕਾਰੀ ਅਨੁਸਾਰ ਨਿਹੰਗ ਸਿੰਘਾਂ ਨੂੰ ਰੋਕਣ ਲਈ ਉਤਰਾਖੰਡ ਦੇ ਬਾਰਡਰ 'ਤੇ ਘੇਰਾਬੰਦੀ ਕੀਤੀ ਹੋਈ ਸੀ। ਮੌਕੇ ਤੋਂ ਸਾਹਮਣੇ ਆਈਆਂ ਤਸਵੀਰਾਂ ਵਿੱਚ ਕੁਲਹਾਲ-ਵਿਕਾਸਨਗਰ ਬਾਰਡਰ 'ਤੇ ਘੇਰਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲੀਸ ਬਲ ਦੰਗਾ ਰੋਕੂ ਸਾਜ਼ੋ-ਸਾਮਾਨ ਨਾਲ ਤਾਇਨਾਤ ਸਨ। ਨਿਹੰਗ ਜਥੇਬੰਦੀਆਂ ਵੱਲੋਂ ਉੱਤਰਾਖੰਡ ਵੱਲ ਮਾਰਚ ਕਰਨ ਦੇ ਐਲਾਨ ਤੋਂ ਬਾਅਦ ਪੁਲੀਸ ਨੇ ਪਹਿਲਾਂ ਹੀ ਸੁਰੱਖਿਆ ਪ੍ਰਬੰਧ ਸਖਤ ਕਰ ਦਿੱਤੇ ਸਨ। ਇਹ ਤਣਾਅ ਹਾਲ ਹੀ ਵਿੱਚ ਕਰਨਪ੍ਰਯਾਗ ਅਤੇ



ਨਗਰਾਸੂ ਗੁਰਦੁਆਰਿਆਂ ਨਾਲ ਜੁੜੇ ਵਿਵਾਦ ਤੋਂ ਬਾਅਦ ਵਧਿਆ ਸੀ।

**ਮੁਹਾਲੀ ਤੋਂ ਰਵਾਨਾ ਹੋਇਆ ਸੀ ਜਥਾ**

ਜਾਣਕਾਰੀ ਅਨੁਸਾਰ ਨਿਹੰਗ ਸਿੰਘਾਂ ਦਾ ਇਹ ਜਥਾ ਪੰਜਾਬ ਦੇ ਮੁਹਾਲੀ ਤੋਂ ਰਵਾਨਾ ਹੋਇਆ ਸੀ। ਉਨ੍ਹਾਂ ਨੂੰ ਉੱਤਰਾਖੰਡ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਕੁਲਹਾਲ ਚੌਕੀ ਇਲਾਕੇ ਨੂੰ ਸਖ਼ਤ ਸੁਰੱਖਿਆ ਵਾਲੇ ਖੇਤਰ ਵਿੱਚ ਤਬਦੀਲ ਕੀਤਾ ਗਿਆ ਸੀ।

ਪੁਲੀਸ ਸੁਪਰਡੈਂਟ ਪੰਕਜ ਗਰੋਲਾ ਨੇ ਦੱਸਿਆ ਕਿ ਕੁਝ ਪ੍ਰਦਰਸ਼ਨਕਾਰੀ ਬੈਰੀਕੇਡ ਤੋੜ ਕੇ ਅੱਗੇ ਨਿਕਲ ਗਏ ਹਨ। ਉਨ੍ਹਾਂ ਕਿਹਾ ਕਿ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਕਾਬੂ ਵਿੱਚ ਰੱਖਣ ਲਈ ਯਤਨ ਕੀਤੇ ਜਾ ਰਹੇ ਹਨ।



# ਡੋਨਾਲਡ ਟਰੰਪ ਨੂੰ ਅਦਾਲਤ ਨੇ ਦਿੱਤਾ ਵੱਡਾ ਝਟਕਾ : ਚੋਣ ਨਿਯਮਾਂ ਨਾਲ ਜੁੜੇ ਵਿਵਾਦਤ ਹੁਕਮਾਂ 'ਤੇ ਲਗਾਈ ਰੋਕ

## ਅਮਰੀਕਾ 'ਚ ਚੋਣਾਂ ਨੂੰ ਕੰਟਰੋਲ ਕਰਨ ਅਤੇ ਉਨ੍ਹਾਂ ਦੇ ਨਿਯਮ ਤੈਅ ਕਰਨ ਦਾ ਅਧਿਕਾਰ ਰਾਸ਼ਟਰਪਤੀ ਕੋਲ : ਅਦਾਲਤ

**ਵਾਸ਼ਿੰਗਟਨ :** ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣੇ ਚੋਣ ਨਿਯਮਾਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਵਿੱਚ ਇੱਕ ਵੱਡਾ ਕਾਨੂੰਨੀ ਝਟਕਾ ਲੱਗਾ ਹੈ । ਬੋਸਟਨ ਦੀ ਇੱਕ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਉਸ ਵਿਵਾਦਿਤ ਚੋਣ ਹੁਕਮ 'ਤੇ ਪੱਕੇ ਤੌਰ 'ਤੇ ਰੋਕ ਲਗਾ ਦਿੱਤੀ ਹੈ, ਜਿਸ ਦੇ ਤਹਿਤ ਵੋਟਰ ਰਜਿਸਟ੍ਰੇਸ਼ਨ ਦੇ ਨਿਯਮਾਂ ਨੂੰ ਕਾਫ਼ੀ ਸਖ਼ਤ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਅਮਰੀਕਾ ਵਿੱਚ ਚੋਣਾਂ ਨੂੰ ਕੰਟਰੋਲ ਕਰਨ ਅਤੇ ਉਨ੍ਹਾਂ ਦੇ ਨਿਯਮ ਤੈਅ ਕਰਨ ਦਾ ਅਧਿਕਾਰ ਰਾਸ਼ਟਰਪਤੀ ਕੋਲ ਨਹੀਂ ਹੈ। ਸੰਵਿਧਾਨ ਮੁਤਾਬਕ, ਇਹ ਤਾਕਤ ਪੂਰੀ ਤਰ੍ਹਾਂ ਰਾਜਾਂ ਅਤੇ ਉੱਥੋਂ ਦੀ ਸੰਸਦ



(ਕਾਂਗਰਸ) ਕੋਲ ਸੁਰੱਖਿਅਤ ਹੈ। ਅਜਿਹੇ ਵਿੱਚ ਟਰੰਪ ਪ੍ਰਸ਼ਾਸਨ ਦਾ ਇਹ ਹੁਕਮ ਸਿੱਧੇ ਤੌਰ 'ਤੇ ਸ਼ਕਤੀਆਂ ਦੀ ਵੰਡ ਦੇ ਨਿਯਮ ਦੀ ਉਲੰਘਣਾ ਕਰਦਾ ਹੈ।ਬੋਸਟਨ ਕੋਰਟ ਦੀ ਜੱਜ ਡੇਨਿਸ ਕੈਸਪਰ ਨੇ ਇਹ ਫ਼ੈਸਲਾ ਸੁਣਾਉਂਦੇ ਹੋਏ ਕਰੀਬ ਇੱਕ ਸਾਲ ਪਹਿਲਾਂ ਲਗਾਈ ਗਈ ਆਰਜ਼ੀ (ਪ੍ਰੋਵੀਜ਼ਨਲ) ਰੋਕ ਨੂੰ ਹੁਣ ਪੱਕੀ ਰੋਕ ਵਿੱਚ ਬਦਲ ਦਿੱਤਾ ਹੈ। ਹਾਲਾਂਕਿ, ਟਰੰਪ ਪ੍ਰਸ਼ਾਸਨ ਵੱਲੋਂ ਦਲੀਲ ਦਿੱਤੀ ਗਈ ਸੀ ਕਿ ਇਹ ਮਾਮਲਾ ਅਜੇ ਜਲਦਬਾਜ਼ੀ ਦਾ ਹੈ ਕਿਉਂਕਿ ਇਹ ਨਿਯਮ ਪੂਰੀ ਤਰ੍ਹਾਂ ਲਾਗੂ ਨਹੀਂ ਹੋਏ ਸਨ, ਪਰ ਅਦਾਲਤ ਨੇ ਇਸ ਤਰਕ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਅਦਾਲਤ ਨੇ ਡੈਮੋਕ੍ਰੇਟਿਕ ਰਾਜਾਂ ਦੇ ਅਟਾਰਨੀ ਜਨਰਲ ਵੱਲੋਂ ਦਾਇਰ ਪਟੀਸ਼ਨ ਨੂੰ ਸਹੀ ਠਹਿਰਾਇਆ।

# ਕੁੱਤੇ ਪਿੱਛੇ ਭੱਜਦਾ ਤੇਂਦੁਆ ਘਰ ਵਿੱਚ ਵੜਿਆ


**ਨੀਲਗਿਰੀ।** ਤਾਮਿਲਨਾਡੂ ਦੇ ਪਹਾੜੀ ਜ਼ਿਲ੍ਹੇ ਨੀਲਗਿਰੀ ਵਿੱਚ ਇੱਕ ਕੁੱਤੇ ਦਾ ਪਿੱਛਾ ਕਰਦੇ-ਕਰਦੇ ਇੱਕ ਤੇਂਦੁਆ ਇੱਕ ਘਰ ਵਿੱਚ ਜਾ ਵੜਿਆ। ਹਾਲਾਂਕਿ, ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਮੁਸਤੈਦੀ ਦਿਖਾਉਂਦੇ ਹੋਏ ਕਈ ਘੰਟਿਆਂ ਦੀ ਮੁਸ਼ੱਕਤ ਮਗਰੋਂ ਤੇਂਦੁਏ ਨੂੰ ਸੁਰੱਖਿਅਤ ਰੈਸਕਿਊ ਕਰ ਲਿਆ ਹੈ।
ਪ੍ਰਾਪਤ ਜਾਣਕਾਰੀ ਅਨੁਸਾਰ ਇਹ ਤੇਂਦੁਆ ਨੇੜਲੇ ਜੰਗਲ ਵਿੱਚੋਂ ਭਟਕ ਕੇ ਰਿਹਾਇਸ਼ੀ ਇਲਾਕੇ ਵੱਲ ਆ ਗਿਆ ਸੀ। ਇਸ ਦੌਰਾਨ ਉਹ ਇੱਕ ਪਾਲਤੂ ਕੁੱਤੇ ਦਾ ਪਿੱਛਾ ਕਰਦਿਆਂ ਸਿੱਧਾ ਇੱਕ ਘਰ



ਦੇ ਅੰਦਰ ਵੜ ਗਿਆ। ਜਦੋਂ ਘਰ ਦੇ ਮੈਂਬਰਾਂ ਨੂੰ ਪਤਾ ਲੱਗਿਆ ਕਿ ਘਰ ਵਿੱਚ ਤੇਂਦੁਆ ਵੜ ਆਇਆ ਹੈ ਤਾਂ ਪਰਿਵਾਰ ਦੇ ਮੈਂਬਰਾਂ ਨੇ ਕਮਰੇ ਦਾ ਦਰਵਾਜ਼ਾ ਬਾਹਰੋਂ ਬੰਦ ਕਰ ਦਿੱਤਾ ਤੇ ਤੇਂਦੁਏ ਨੂੰ ਕਮਰੇ ਵਿੱਚ ਹੀ ਕੈਦ ਕਰ ਦਿੱਤਾ। ਉਨ੍ਹਾਂ ਤੁਰੰਤ ਇਸ ਬਾਰੇ ਸਥਾਨਕ ਪ੍ਰਸ਼ਾਸਨ ਅਤੇ ਜੰਗਲਾਤ ਵਿਭਾਗ ਨੂੰ ਜਾਣਕਾਰੀ ਦਿੱਤੀ। ਤੇਂਦੁਏ ਦੀ ਖ਼ਬਰ ਮਿਲਦਿਆਂ ਹੀ ਜੰਗਲਾਤ ਵਿਭਾਗ ਦੀ ਇੱਕ ਵਿਸ਼ੇਸ਼ ਟੀਮ ਮੌਕੇ ਤੇ ਪਹੁੰਚੀ। ਸੁਰੱਖਿਆ ਦੇ ਮੱਦੇਨਜ਼ਰ ਅਤੇ ਲੋਕਾਂ ਦੀ ਭੀੜ ਨੂੰ ਕਾਬੂ ਕਰਨ ਲਈ ਸਭ ਤੋਂ ਪਹਿਲਾਂ ਪੂਰੇ ਇਲਾਕੇ ਨੂੰ ਸੀਲ ਕੀਤਾ ਗਿਆ ਤੇ ਬਾਅਦ ਵਿੱਚ ਤੇਂਦੁਏ ਨੂੰ ਫੜਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ। ਕਈ ਘੰਟਿਆਂ ਤੱਕ ਚੱਲੇ ਇਸ ਮੁਸ਼ਕਿਲ ਆਪ੍ਰੇਸ਼ਨ ਤੋਂ ਬਾਅਦ, ਮਾਹਿਰਾਂ ਦੀ ਟੀਮ ਨੇ ਤੇਂਦੁਏ ਨੂੰ ਟ੍ਰੈਂਕੂਲਾਈਜ਼ ਕਰ ਦਿੱਤਾ ਅਤੇ ਉਸ ਨੂੰ ਸੁਰੱਖਿਅਤ ਕਾਬੂ ਕਰ ਲਿਆ।

# ਸਰਕਾਰ ਨੇ ਵਧਾਈਆਂ ਪਾਸਪੋਰਟ ਦੀਆਂ ਫੀਸਾਂ, 36 ਪੇਜਾਂ ਲਈ ਦੇਣੇ ਹੋਣਗੇ 2,500 ਰੁਪਏ

**ਨਵੀਂ ਦਿੱਲੀ:** ਵਿਦੇਸ਼ ਘੁੰਮਣ, ਪੜ੍ਹਾਈ ਕਰਨ ਜਾਂ ਕੰਮ ਦੇ ਸਿਲਸਿਲੇ ਵਿੱਚ ਦੇਸ਼ ਤੋਂ ਬਾਹਰ ਜਾਣ ਦੀ ਯੋਜਨਾ ਬਣਾ ਰਹੇ ਲੋਕਾਂ ਦੀ ਜੇਬ 'ਤੇ ਹੁਣ ਵਾਧੂ ਬੋਝ ਪੈਣ ਵਾਲਾ ਹੈ। ਕੇਂਦਰ ਸਰਕਾਰ ਨੇ ਨਵਾਂ ਪਾਸਪੋਰਟ ਬਣਵਾਉਣ ਅਤੇ ਪੁਰਾਣੇ ਨੂੰ ਰੀਨਿਊ ਕਰਵਾਉਣ ਦੀ ਫੀਸ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ 'ਪਾਸਪੋਰਟ (ਸੋਧ) ਨਿਯਮ, 2026' ਤਹਿਤ ਨਵੀਆਂ ਦਰਾਂ 1 ਜੁਲਾਈ, 2026 ਤੋਂ ਪੂਰੇ ਦੇਸ਼ ਵਿੱਚ ਲਾਗੂ ਹੋ ਜਾਣਗੀਆਂ।
ਨਵੇਂ ਨਿਯਮਾਂ ਅਨੁਸਾਰ, 18 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਬਾਲਗਾਂ ਲਈ ਪਾਸਪੋਰਟ ਸੇਵਾਵਾਂ ਦੀਆਂ ਦਰਾਂ ਵਿੱਚ ਸਿੱਧੇ ਤੌਰ 'ਤੇ ਬਦਲਾਅ ਕੀਤਾ ਗਿਆ ਹੈ:
**36-ਪੇਜ ਦਾ ਪਾਸਪੋਰਟ:** ਪਹਿਲਾਂ ਇਸਦੇ ਲਈ 1,500 ਰੁਪਏ ਦੇਣੇ ਪੈਂਦੇ ਸਨ, ਪਰ ਹੁਣ ਨਾਰਮਲ ਫੀਸ ਵਧਾ ਕੇ 2,500 ਰੁਪਏ ਕਰ ਦਿੱਤੀ ਗਈ ਹੈ। ਉੱਥੇ ਹੀ, ਜੇਕਰ ਤੁਸੀਂ ਇਸਨੂੰ 'ਤਤਕਾਲ' ਸੇਵਾ ਤਹਿਤ ਬਣਵਾਉਂਦੇ ਹੋ, ਤਾਂ ਤੁਹਾਨੂੰ ਕੁੱਲ 5,000 ਰੁਪਏ ਅਦਾ ਕਰਨੇ ਪੈਣਗੇ।
60-ਪੇਜ ਦਾ ਪਾਸਪੋਰਟ: ਜਿਹੜੇ ਲੋਕ ਜ਼ਿਆਦਾ ਸਫ਼ਰ ਕਰਦੇ ਹਨ ਅਤੇ 60 ਪੇਜਾਂ ਵਾਲਾ ਜੰਬੋ ਪਾਸਪੋਰਟ ਬਣਵਾਉਂਦੇ ਹਨ, ਉਨ੍ਹਾਂ ਨੂੰ ਹੁਣ 2,000 ਰੁਪਏ ਦੀ ਬਜਾਏ 3,500 ਰੁਪਏ ਦੇਣੇ ਹੋਣਗੇ। ਇਸ ਦੀ ਤਤਕਾਲ ਫੀਸ 6,000 ਰੁਪਏ ਤੈਅ ਕੀਤੀ ਗਈ ਹੈ।
**ਬੱਚਿਆਂ (18 ਸਾਲ ਤੋਂ ਘੱਟ) ਦੇ ਪਾਸਪੋਰਟ 'ਤੇ ਮਹਿੰਗਾਈ ਦਾ**



**ਕਿੰਨਾ ਅਸਰ ਪਿਆ ਹੈ?**
ਬੱਚਿਆਂ ਦੇ ਪਾਸਪੋਰਟ ਦੀ ਫੀਸ ਵੀ ਵਧਾ ਦਿੱਤੀ ਗਈ ਹੈ। 18 ਸਾਲ ਤੋਂ ਘੱਟ ਉਮਰ ਦੇ ਬਿਨੈਕਾਰਾਂ ਲਈ ਨਵਾਂ 36-ਪੇਜ ਦਾ ਪਾਸਪੋਰਟ ਬਣਵਾਉਣ ਦੀ ਫੀਸ 1,000 ਰੁਪਏ ਤੋਂ ਵਧਾ ਕੇ 1,750 ਰੁਪਏ ਕਰ ਦਿੱਤੀ ਗਈ ਹੈ। ਜੇਕਰ ਬੱਚਿਆਂ ਦਾ ਪਾਸਪੋਰਟ ਤਤਕਾਲ ਕੈਟੇਗਰੀ ਵਿੱਚ ਬਣਵਾਉਣਾ ਹੈ, ਤਾਂ ਇਸ ਦੇ ਲਈ 4,250 ਰੁਪਏ ਦੇਣੇ ਹੋਣਗੇ। ਧਿਆਨ ਰਹੇ, ਨਾਬਾਲਗਾਂ ਦਾ ਪਾਸਪੋਰਟ 5 ਸਾਲ ਜਾਂ ਉਨ੍ਹਾਂ ਦੇ 18 ਸਾਲ ਦੇ ਹੋਣ ਤੱਕ (ਜਿਹੜਾ ਵੀ ਪਹਿਲਾਂ ਹੋਵੇ) ਹੀ ਵੈਧ ਰਹਿੰਦਾ ਹੈ।
**ਪਾਸਪੋਰਟ ਗੁੰਮ ਹੋਣ ਜਾਂ ਡੈਮੇਜ ਹੋਣ 'ਤੇ ਕਿੰਨਾ ਲੱਗੇਗਾ ਚਾਰਜ?**
ਜੇਕਰ ਤੁਹਾਡਾ ਪਾਸਪੋਰਟ ਗੁੰਮ ਹੋ ਜਾਂਦਾ ਹੈ ਜਾਂ ਕਿਸੇ ਵਜ੍ਹਾ ਕਰਕੇ ਖ਼ਰਾਬ (ਡੈਮੇਜ) ਹੋ ਜਾਂਦਾ ਹੈ, ਤਾਂ ਡੁਪਲੀਕੇਟ ਪਾਸਪੋਰਟ ਕਢਵਾਉਣਾ ਹੁਣ ਕਾਫ਼ੀ ਮਹਿੰਗਾ ਸੌਦਾ ਹੋਵੇਗਾ:
36-ਪੇਜ ਰਿਪਲੇਸਮੈਂਟ: ਨਾਰਮਲ ਕੈਟੇਗਰੀ ਵਿੱਚ ਇਸਦੇ ਲਈ 5,000 ਰੁਪਏ ਅਤੇ ਤਤਕਾਲ ਵਿੱਚ 7,500 ਰੁਪਏ ਲੱਗਣਗੇ।
**60-ਪੇਜ ਰਿਪਲੇਸਮੈਂਟ:** ਨਾਰਮਲ ਵਿੱਚ 6,000 ਰੁਪਏ ਅਤੇ ਤਤਕਾਲ ਵਿੱਚ 8,500 ਰੁਪਏ ਚੁਕਾਉਣੇ ਹੋਣਗੇ।
ਬੱਚਿਆਂ ਦਾ ਰਿਪਲੇਸਮੈਂਟ (36-ਪੇਜ): ਨਾਰਮਲ ਕੈਟੇਗਰੀ ਵਿੱਚ 4,250 ਰੁਪਏ ਅਤੇ ਤਤਕਾਲ ਵਿੱਚ 6,750 ਰੁਪਏ ਫੀਸ ਨਿਰਧਾਰਿਤ ਕੀਤੀ ਗਈ ਹੈ।
**ਪੁਲਿਸ ਕਲੀਅਰੈਂਸ ਅਤੇ ਹੋਰ ਜ਼ਰੂਰੀ ਸਰਟੀਫਿਕੇਟਾਂ ਲਈ ਕੀ ਹਨ ਨਵੇਂ ਰੇਟ?**
ਪਾਸਪੋਰਟ ਸੇਵਾਵਾਂ ਨਾਲ ਜੁੜੇ ਹੋਰ ਦਸਤਾਵੇਜ਼ਾਂ ਦੀ ਫੀਸ ਵਿੱਚ ਵੀ ਬਦਲਾਅ ਕੀਤਾ ਗਿਆ ਹੈ। ਹੁਣ ਪੁਲਿਸ ਕਲੀਅਰੈਂਸ ਸਰਟੀਫਿਕੇਟ (PCC), ਸਰੈਂਡਰ ਸਰਟੀਫਿਕੇਟ ਅਤੇ ਗਲੋਬਲ ਐਂਟਰੀ ਪ੍ਰੋਗਰਾਮ ਵੈਰੀਫਿਕੇਸ਼ਨ ਵਰਗੇ ਹੋਰ ਫੁਟਕਲ ਸਰਟੀਫਿਕੇਟਾਂ ਲਈ 750 ਰੁਪਏ ਦੀ ਫੀਸ ਦੇਣੀ ਹੋਵੇਗੀ। ਇਸ ਤੋਂ ਇਲਾਵਾ, 'ਸਰਟੀਫਿਕੇਟ ਆਫ਼ ਆਈਡੈਂਟਿਟੀ' ਬਣਵਾਉਣ ਦਾ ਖ਼ਰਚਾ 1,000 ਰੁਪਏ ਹੋਵੇਗਾ।
**ਕੀ ਬਜ਼ੁਰਗਾਂ ਅਤੇ ਛੋਟੇ ਬੱਚਿਆਂ ਨੂੰ ਸਰਕਾਰ ਵੱਲੋਂ ਕੋਈ ਰਾਹਤ ਮਿਲੇਗੀ?**
ਸਰਕਾਰ ਨੇ ਕੁਝ ਵਿਸ਼ੇਸ਼ ਵਰਗਾਂ ਲਈ 10 ਫੀਸਦੀ ਦੀ ਛੋਟ ਨੂੰ ਬਰਕਰਾਰ ਰੱਖਿਆ ਹੈ। 8 ਸਾਲ ਤੱਕ ਦੇ ਛੋਟੇ ਬੱਚਿਆਂ ਅਤੇ 60 ਸਾਲ ਤੋਂ ਵੱਧ ਉਮਰ ਦੇ ਸੀਨੀਅਰ ਸਿਟੀਜ਼ਨਾਂ ਦੇ ਨਵੇਂ ਆਵੇਦਨ 'ਤੇ ਇਹ 10 ਫੀਸਦੀ ਦੀ ਛੋਟ ਮਿਲਦੀ ਰਹੇਗੀ।


Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਏ ਸੀ ਦਾ ਕੰਪ੍ਰੈਸ਼ਰ ਫਟਣ ਕਾਰਨ ਹੋਏ ਧਮਾਕੇ ਵਿੱਚ ਪਿਓ ਦੀ ਮੌਤ, ਪੁੱਤ ਗੰਭੀਰ ਜ਼ਖ਼ਮੀ



**ਰਾਏਗੜ੍ਹ, 25 ਜੂਨ (ਸ.ਬ.)** ਛੱਤੀਸਗੜ੍ਹ ਦੇ ਰਾਏਗੜ੍ਹ ਜ਼ਿਲ੍ਹੇ ਦੇ ਚੱਕਰਧਰਨਗਰ ਥਾਣਾ ਖੇਤਰ ਸਥਿਤ ਆਈਟੀਆਈ ਕਾਲੋਨੀ ਵਿੱਚ ਅੱਜ ਤੜਕੇ ਲਗਭਗ 4 ਤੋਂ 5 ਵਜੇ ਵਿਚਾਲੇ ਏਅਰ ਕੰਡੀਸ਼ਨਰ ਦਾ ਕੰਪ੍ਰੈਸ਼ਰ ਫਟਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਉਸ ਦਾ 19 ਸਾਲਾ ਬੇਟਾ ਜ਼ਖਮੀ ਹੋ ਗਿਆ। ਧਮਾਕੇ ਤੋਂ ਬਾਅਦ ਘਰ ਵਿੱਚ ਅੱਗ ਲੱਗਣ ਨਾਲ 2 ਮੋਟਰਸਾਈਕਲ ਵੀ ਸੜ ਗਏ। ਪੁਲੀਸ ਅਨੁਸਾਰ ਹਾਦਸੇ ਵਿੱਚ ਪੁਰਸ਼ੋਤਮ ਪਟੇਲ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦੋਂ ਕਿ ਉਨ੍ਹਾਂ ਦਾ 19 ਸਾਲਾ ਬੇਟਾ ਜ਼ਖ਼ਮੀ ਹੋ ਗਿਆ। ਜ਼ਖ਼ਮੀ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਚੱਕਰਧਰਨਗਰ ਥਾਣਾ ਪੁਲੀਸ ਅਤੇ ਫਾਇਰ ਬ੍ਰਿਗੇਡ ਦਲ ਮੌਕੇ ਤੇ ਪਹੁੰਚੇ ਅਤੇ ਅੱਗ ਤੇ ਕਾਬੂ ਪਾਇਆ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਟੀਮ ਵੀ ਹਾਦਸੇ ਵਾਲੀ ਜਗ੍ਹਾ ਪਹੁੰਚ ਕੇ ਸਬੂਤ ਜੁਟਾ ਰਹੀ ਹੈ। ਪੁਲੀਸ ਨੇ ਦੱਸਿਆ ਕਿ ਪਹਿਲੀ ਨਜ਼ਰ ਏਸੀ ਦਾ ਕੰਪ੍ਰੈਸਰ ਫਟਣ ਤੋਂ ਬਾਅਦ ਅੱਗ ਲੱਗਣ ਦਾ ਖਦਸ਼ਾ ਹੈ। ਹਾਲਾਂਕਿ, ਵਿਸਫੋਟ ਅਤੇ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਪਤਾ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਲੱਗ ਸਕੇਗਾ। ਮਾਮਲੇ ਵਿੱਚ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅਯੁੱਧਿਆ ਰਾਮ ਮੰਦਰ : ਚੜ੍ਹਾਵੇ 'ਚ ਕਥਿਤ ਹੇਰ-ਫੇਰ ਦੇ ਮਾਮਲੇ 'ਚ ਐਫ.ਆਈ.ਆਰ. ਦਰਜ

**ਅਯੁੱਧਿਆ** : ਅਯੁੱਧਿਆ ਦੇ ਰਾਮ ਮੰਦਰ ਵਿਚ ਮਿਲੇ ਚੜ੍ਹਾਵੇ ਵਿਚ ਹੇਰ-ਫੇਰ ਦੇ ਦੋਸ਼ਾਂ ਨੂੰ ਲੈ ਕੇ ਵੀਰਵਾਰ ਨੂੰ ਇਕ ਐਫ਼.ਆਈ.ਆਰ. ਦਰਜ ਕਰ ਲਈ ਗਈ ਹੈ। ਇਹ ਕਾਰਵਾਈ ਉੱਤਰ ਪ੍ਰਦੇਸ਼ ਸਰਕਾਰ ਵਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦੀ ਮੁਢਲੀ ਰੀਪੋਰਟ ਤੋਂ ਬਾਅਦ ਕੀਤੀ ਗਈ ਹੈ। ਇਹ ਐਫ਼.ਆਈ.ਆਰ. ਸ਼੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਦੇ ਮੈਂਬਰ ਕ੍ਰਿਸ਼ਨ ਮੋਹਨ ਦੀ ਸ਼ਿਕਾਇਤ ਉਤੇ ਦਰਜ ਕੀਤੀ ਗਈ ਹੈ। ਪੁਲਿਸ ਅਨੁਸਾਰ, ਇਹ ਮਾਮਲਾ ਭਾਰਤੀ ਨਿਆਂ ਸੰਹਿਤਾ (ਬੀ.ਐਨ.ਐੱਸ.) ਦੀਆਂ ਧਾਰਾਵਾਂ 306 (ਕਲਰਕ ਜਾਂ ਸੇਵਾਦਾਰ ਵਲੋਂ ਅਪਣੇ ਮਾਲਕ ਦੀ ਜਾਇਦਾਦ ਦੀ ਚੋਰੀ), 316 (ਵਿਸ਼ਵਾਸ ਤੋੜਨਾ), 317 (ਬੇਈਮਾਨੀ ਨਾਲ ਚੋਰੀ ਦੀ ਜਾਇਦਾਦ ਪ੍ਰਾਪਤ ਕਰਨਾ) ਅਤੇ 61 (ਅਪਰਾਧਕ ਸਾਜ਼ਸ਼) ਵਰਗੇ ਗੰਭੀਰ ਦੋਸ਼ ਸ਼ਾਮਲ ਹਨ।

ਇਸ ਮਾਮਲੇ ਬਾਰੇ ਗੱਲ ਕਰਦਿਆਂ ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਐੱਸ.ਆਈ.ਟੀ. ਨੇ ਅਪਣੀ ਰੀਪੋਰਟ ਵਿਚ ਕਈ 'ਮਜ਼ਬੂਤ ਅਤੇ ਸਖ਼ਤ' ਸਿਫ਼ਾਰਸ਼ਾਂ ਕੀਤੀਆਂ ਹਨ। ਅਧਿਕਾਰੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਇਸ ਮਾਮਲੇ ਨੂੰ ਲੈ ਕੇ 'ਬਹੁਤ ਗੰਭੀਰ' ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ 'ਜੋ ਵੀ ਦੋਸ਼ੀ ਪਾਇਆ ਜਾਵੇਗਾ, ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।'

ਇਹ ਐਫ਼.ਆਈ.ਆਰ. ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ.ਆਈ.ਟੀ.) ਦੀ ਮੁਢਲੀ ਜਾਂਚ ਰੀਪੋਰਟ ਦੇ ਆਧਾਰ 'ਤੇ ਕੀਤੀ ਗਈ ਹੈ। ਦਸਿਆ ਜਾ ਰਿਹਾ ਹੈ ਕਿ ਮੁਲਜ਼ਮਾਂ ਵਿਚ ਰਾਮ ਮੰਦਰ ਟਰੱਸਟ ਦੇ ਜਨਰਲ ਸੈਕਟਰੀ ਚੰਪਤ ਰਾਏ ਦੇ ਸਾਬਕਾ ਡਰਾਈਵਰ ਟਿੰਨੂ ਯਾਦਵ ਸਮੇਤ ਰਮਾਸ਼ੰਕਰ ਯਾਦਵ, ਅਨੁਕਲਪ



ਮਿਸ਼ਰਾ, ਅਵਿਨਾਸ਼ ਸ਼ੁਕਲਾ, ਕਰੁਣੇਸ਼ ਪਾਂਡੇ, ਲਵਕੁਸ਼ ਮਿਸ਼ਰ, ਰਮਾਸ਼ੰਕਰ ਮਿਸ਼ਰ, ਸੁਭਾਸ਼ ਸ਼੍ਰੀਵਾਸਤਵ ਅਤੇ ਮਨੀਸ਼ ਕੁਮਾਰ ਯਾਦਵ ਦੇ ਨਾਮ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਨੇ ਮੰਦਰ ਟਰੱਸਟ ਦੀ ਬੇਨਤੀ ਉਤੇ 13 ਜੂਨ ਨੂੰ ਐੱਸ.ਆਈ.ਟੀ. ਦਾ ਗਠਨ ਕੀਤਾ ਸੀ। ਇਹ ਕਾਰਵਾਈ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਨੇ ਵੀ ਐਫ਼.ਆਈ.ਆਰ. ਦਰਜ ਕਰਨ ਦੀ ਮੰਗ ਚੁਕੀ ਸੀ। ਇਸ ਦੇ ਨਾਲ ਹੀ, ਆਮ ਆਦਮੀ ਪਾਰਟੀ (ਏ.ਏ.ਪੀ.) ਦੇ ਨੇਤਾ, ਅਰਵਿੰਦ ਕੇਜਰੀਵਾਲ ਸਮੇਤ, ਵੀ ਵੀਰਵਾਰ ਸ਼ਾਮ ਨੂੰ ਅਯੁੱਧਿਆ ਪਹੁੰਚੇ ਅਤੇ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

ਐੱਸ.ਆਈ.ਟੀ. ਦੀ ਤਿੰਨ ਮੈਂਬਰੀ ਟੀਮ, ਜਿਸ ਵਿਚ ਲਖਨਊ ਡਿਵੀਜ਼ਨਲ ਕਮਿਸ਼ਨਰ ਵਿਜੇ ਵਿਸ਼ਵਾਸ ਪੰਤ, ਆਈ.ਜੀ. ਕਿਰਨ ਐਸ. ਅਤੇ ਵਿੱਤ ਵਿਭਾਗ ਦੇ ਵਿਸ਼ੇਸ਼ ਸਕੱਤਰ ਨੀਲ ਰਤਨ ਸ਼ਾਮਲ ਹਨ, ਨੇ ਦੋ ਦਿਨ ਪਹਿਲਾਂ ਹੀ ਅਪਣੀ ਮੁਢਲੀ ਜਾਂਚ ਰੀਪੋਰਟ ਸਰਕਾਰ ਨੂੰ ਸੌਂਪ ਦਿਤੀ ਸੀ।

ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਐਫ਼.ਆਈ.ਆਰ. 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ, ''ਜਨਤਾ ਕਹਿ ਰਹੀ ਹੈ ਕਿ ਪਹਿਲਾਂ ਐੱਸ.ਆਈ.ਟੀ. ਦੇ ਬਹਾਨੇ ਸਾਰੇ ਸਬੂਤ ਸਾਫ ਕਰ ਦਿਤੇ ਗਏ ਹੋਣਗੇ ਅਤੇ ਇਹ ਨਿਸ਼ਚਿਤ ਕਰ ਲਿਆ ਗਿਆ ਹੋਵੇਗਾ ਕਿ ਕਿੰਨੀਆਂ ਵੱਡੀਆਂ ਮੱਛੀਆਂ ਨੂੰ ਬਚਾਉਣਾ ਹੈ ਅਤੇ ਕਿਸ ਨੂੰ ਫਸਾਉਣਾ ਹੈ, ਉਸ ਤੋਂ ਬਾਅਦ ਐਫ਼.ਆਈ.ਆਰ. ਹੋ ਰਹੀ ਹੈ।'' ਇਸ ਮਾਮਲੇ ਦੀ ਜਾਂਚ ਲਈ 13 ਜੂਨ ਨੂੰ ਐੱਸ.ਆਈ.ਟੀ. ਦਾ ਗਠਨ ਕੀਤਾ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਅਜੇ ਜਾਰੀ ਹੈ ਅਤੇ ਆਉਣ ਵਾਲੇ 10 ਤੋਂ 15 ਦਿਨਾਂ ਵਿਚ ਅੰਤਿਮ ਰੀਪੋਰਟ ਸੌਂਪਣ ਦਾ ਯਤਨ ਕੀਤਾ ਜਾ ਰਿਹਾ ਹੈ।

# ਜਲੰਧਰ ਵਿੱਚ 30 ਰੁਪਏ ਦੇ ਪੈਟਰੋਲ ਨੂੰ ਲੈ ਕੇ ਹੰਗਾਮਾ

**ਜਲੰਧਰ** : ਜਲੰਧਰ ਦੇ ਟੀਵੀ ਟਾਵਰ ਨੇੜੇ ਇੱਕ ਪੈਟਰੋਲ ਪੰਪ 'ਤੇ ਵੀਰਵਾਰ ਨੂੰ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨਾਂ ਤੋਂ 30 ਰੁਪਏ ਮੰਗੇ ਗਏ। ਜਦੋਂ ਪੰਪ ਅਟੈਂਡੈਂਟ ਨੇ ਪੈਸੇ ਮੰਗੇ ਤਾਂ ਉਨ੍ਹਾਂ ਕਿਹਾ ਕਿ ਉਹ ਅਗਲੇ ਦਿਨ ਪੰਪ ਅਟੈਂਡੈਂਟ ਨੂੰ ਪੈਸੇ ਦੇ ਦੇਣਗੇ।

ਪੈਸੇ ਤੁਰੰਤ ਪ੍ਰਾਪਤ ਕਰਨ ਨੂੰ ਲੈ ਕੇ ਹੋਈ ਬਹਿਸ ਤੋਂ ਬਾਅਦ, ਤਿੰਨਾਂ ਨੌਜਵਾਨਾਂ ਨੇ ਪੰਪ ਅਟੈਂਡੈਂਟ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ, ਉਸ 'ਤੇ ਚਾਬੀਆਂ ਅਤੇ ਹੋਰ ਚੀਜ਼ਾਂ ਨਾਲ ਹਮਲਾ ਕਰ ਦਿੱਤਾ। ਪੂਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ। ਸੀਸੀਟੀਵੀ ਫੁਟੇਜ ਵਿੱਚ ਇੱਕ ਨੌਜਵਾਨ ਪੰਪ ਅਟੈਂਡੈਂਟ 'ਤੇ ਡੰਡੇ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕਰਦਾ ਦਿਖਾਈ ਦੇ ਰਿਹਾ ਹੈ। ਹੰਗਾਮੇ ਤੋਂ ਬਾਅਦ, ਹੋਰ ਪੰਪ ਅਟੈਂਡੈਂਟਾਂ ਨੇ ਦਖਲ ਦਿੱਤਾ।



ਇੱਕ ਹੋਰ ਸੀਸੀਟੀਵੀ ਫੁਟੇਜ ਵਿੱਚ ਦਿਖਾਇਆ ਗਿਆ ਹੈ ਕਿ ਬਾਈਕ ਸਵਾਰ ਪੈਟਰੋਲ ਭਰ ਕੇ ਪੈਸੇ ਦਿੱਤੇ ਬਿਨਾਂ ਚਲੇ ਜਾਂਦੇ ਹਨ। ਉਨ੍ਹਾਂ ਨੇ ਸ਼ੁਰੂ ਵਿੱਚ ਪੰਪ ਅਟੈਂਡੈਂਟ ਨਾਲ ਬਹਿਸ ਕੀਤੀ, ਜੋ ਬਾਅਦ ਵਿੱਚ ਹੱਥੋਪਾਈ ਵਿੱਚ ਬਦਲ ਗਈ। ਭੰਨਤੋੜ ਦੀ ਇਸ ਕਾਰਵਾਈ ਤੋਂ ਦਰਸ਼ਕ ਹੈਰਾਨ ਰਹਿ ਗਏ।

**ਉਹ ਪੈਸੇ ਦਿੱਤੇ ਬਿਨਾਂ ਭੱਜ ਗਏ।**

ਘਟਨਾ ਦੀ ਜਾਣਕਾਰੀ ਦਿੰਦੇ ਹੋਏ, ਪੰਪ ਅਟੈਂਡੈਂਟ ਮਨੀਸ਼ ਨੇ ਦੱਸਿਆ ਕਿ ਉਹ ਖੁਰਲਾ ਕਿੰਗਰਾ ਨੇੜੇ ਗੁਰਨਾਮ ਗੈਸ ਲਾਈਨ ਭਾਰਤ ਪੈਟਰੋਲੀਅਮ ਪੰਪ 'ਤੇ ਕੰਮ ਕਰਦਾ ਹੈ। ਇੱਕ ਬਾਈਕ 'ਤੇ ਤਿੰਨ ਨੌਜਵਾਨ ਆਏ ਅਤੇ 30 ਰੁਪਏ ਦਾ ਪੈਟਰੋਲ ਭਰਿਆ। ਫਿਰ ਉਹ ਪੈਸੇ ਦਿੱਤੇ ਬਿਨਾਂ ਚਲੇ ਗਏ।

ਮੈਂ ਪੁਲਿਸ ਸ਼ਿਕਾਇਤ ਦਰਜ ਕਰਵਾਵਾਂਗਾ।

ਜਦੋਂ ਉਸਨੇ ਪੈਸੇ ਮੰਗੇ ਤਾਂ ਨੌਜਵਾਨਾਂ ਨੇ ਕਿਹਾ ਕਿ ਉਹ ਉਸਨੂੰ ਅਗਲੇ ਦਿਨ ਪੈਸੇ ਦੇ ਦੇਣਗੇ। ਜਦੋਂ ਉਸਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਲੜਾਈ ਸ਼ੁਰੂ ਕਰ ਦਿੱਤੀ ਅਤੇ ਉਸ 'ਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ। ਪੰਪ 'ਤੇ ਹੰਗਾਮਾ ਕਰਨ ਤੋਂ ਬਾਅਦ, ਤਿੰਨੇ ਨੌਜਵਾਨ ਪੈਸੇ ਦਿੱਤੇ ਬਿਨਾਂ ਮੌਕੇ ਤੋਂ ਭੱਜ ਗਏ। ਪੀੜਤ ਨੇ ਕਿਹਾ ਕਿ ਉਹ ਆਪਣੇ ਮਾਲਕ ਨੂੰ ਘਟਨਾ ਬਾਰੇ ਸੂਚਿਤ ਕਰੇਗਾ ਅਤੇ ਪੁਲਿਸ ਸ਼ਿਕਾਇਤ ਦਰਜ ਕਰਵਾਏਗਾ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸੰਤੋਖ ਸਿੰਘ ਖੋਜਾਂ ਬੇਟ 'ਸੈਣੀ ਵੈਲਫੇਅਰ ਬੋਰਡ' ਦੇ ਜ਼ਿਲ੍ਹਾ ਚੇਅਰਮੈਨ ਨਿਯੁਕਤ: ਹਲਕਾ ਵਿਧਾਇਕ ਸੰਤੋਸ਼ ਕਟਾਰੀਆ

**ਬਲਾਚੌਰ, 25ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਦੀ ਹਾਈਕਮਾਂਡ ਅਤੇ ਹਲਕਾ ਬਲਾਚੌਰ ਤੋਂ ਵਿਧਾਇਕਾ ਸੰਤੋਸ਼ ਕਟਾਰੀਆ ਦੇ ਨਾਲ-ਨਾਲ ਪਾਰਟੀ ਦੇ ਸੀਨੀਅਰ ਮੈਂਬਰ ਅਸ਼ੋਕ ਕਟਾਰੀਆ ਦੀ ਪ੍ਰੇਰਨਾ ਸਦਕਾ, ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਟਕਸਾਲੀ ਆਗੂਆਂ ਨੂੰ ਮਾਣ-ਸਤਿਕਾਰ ਦੇਣ ਦੀ ਲੜੀ ਤਹਿਤ ਇੱਕ ਅਹਿਮ ਨਿਯੁਕਤੀ ਕੀਤੀ ਗਈ ਹੈ। ਹਲਕੇ ਦੀ ਸਿਆਸਤ ਅਤੇ ਸਮਾਜ ਸੇਵਾ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੇ ਪਿੰਡ ਖੋਜਾਂ ਬੇਟ ਦੇ ਮੌਜੂਦਾ ਸਰਪੰਚ ਅਤੇ ਹਰਮਨ ਪਿਆਰੀ ਸ਼ਖਸੀਅਤ ਸਰਦਾਰ ਸੰਤੋਖ ਸਿੰਘ ਜੀ ਨੂੰ ਪੰਜਾਬ ਸਰਕਾਰ ਵੱਲੋਂ 'ਸੈਣੀ ਵੈਲਫੇਅਰ ਬੋਰਡ' ਦਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਦੀ ਖ਼ਬਰ ਮਿਲਦਿਆਂ ਹੀ ਪੂਰੇ ਇਲਾਕੇ ਦੇ ਪਾਰਟੀ ਵਰਕਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਵਿੱਚ ਖੁਸ਼ੀ ਦੀ



ਲਹਿਰ ਦੌੜ ਗਈ।ਇਸ ਮੌਕੇ ਹਲਕੇ ਦੇ ਪ੍ਰਮੁੱਖ ਆਗੂਆਂ ਨੇ ਸਾਂਝੇ ਤੌਰ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਹ ਮਾਣਯੋਗ ਜ਼ਿੰਮੇਵਾਰੀ ਸਰਦਾਰ ਸੰਤੋਖ ਸਿੰਘ ਜੀ ਵੱਲੋਂ ਲੰਬੇ ਸਮੇਂ ਤੋਂ ਬਿਨਾਂ ਕਿਸੇ ਸਵਾਰਥ ਦੇ ਕੀਤੀ ਜਾ ਰਹੀ ਨਿਸ਼ਠਾਵਾਨ ਸਮਾਜ ਸੇਵਾ, ਪਿੰਡ ਦੀ ਨੁਹਾਰ ਬਦਲਣ ਲਈ ਕੀਤੇ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਪ੍ਰਤੀ ਉਨ੍ਹਾਂ ਦੇ ਅਟੁੱਟ ਸਮਰਪਣ ਦਾ ਹੀ ਨਤੀਜਾ ਹੈ। ਪਾਰਟੀ ਲੀਡਰਸ਼ਿਪ ਅਤੇ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਲਏ ਗਏ ਇਸ ਫੈਸਲੇ ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਰਕਰਾਂ ਦਾ ਮਨੋਬਲ ਹੋਰ ਉੱਚਾ ਹੋਇਆ ਹੈ।ਆਗੂਆਂ ਨੇ ਵਾਹਿਗੁਰੂ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਪਰਮਾਤਮਾ ਸਰਦਾਰ ਸੰਤੋਖ ਸਿੰਘ ਜੀ ਨੂੰ ਤੰਦਰੁਸਤੀ, ਇਸ ਨਵੇਂ ਅਹੁਦੇ 'ਤੇ ਹੋਰ ਵੀ ਉੱਚੀ ਤਰੱਕੀ, ਬੁਲੰਦ ਸਫ਼ਲਤਾ ਅਤੇ ਚੜ੍ਹਦੀ ਕਲਾ ਬਖ਼ਸ਼ਣ। ਉਨ੍ਹਾਂ ਉਮੀਦ ਜਤਾਈ ਕਿ ਚੇਅਰਮੈਨ ਬਣਨ ਤੋਂ ਬਾਅਦ ਉਹ ਸੈਣੀ ਬਰਾਦਰੀ ਦੇ ਨਾਲ-ਨਾਲ ਹਰ ਵਰਗ ਦੇ ਹਿੱਤਾਂ ਅਤੇ ਸਮਾਜ ਦੀ ਭਲਾਈ ਲਈ ਪਹਿਲਾਂ ਨਾਲੋਂ ਵੀ ਵੱਧ ਚੜ੍ਹ ਕੇ ਸੇਵਾ ਨਿਭਾਉਣਗੇ।ਰਣਵੀਰ ਸਿੰਘ ਧਾਲੀਵਾਲ ਬਲਾਕ ਸੰਮਤੀ ਮੈਂਬਰ, ਅਵਤਾਰ ਸਿੰਘ ਬਲਾਕ ਪ੍ਰਧਾਨ ਖੋਜਾਂ ਬੇਟ, ਸੇਠੀ ਉਧਨੋਵਾਲ ਚੇਅਰਮੈਨ ਮਾਰਕੀਟ ਕਮੇਟੀ, ਦਵਿੰਦਰ ਸੈਣੀ ਨਸ਼ਾ ਮੁਕਤੀ ਮੋਰਚਾ, ਸ਼ਿਵਾਮ ਖੋਜਾਂ ਬੇਟ ਅਤੇ ਸਮੂਹ ਇਲਾਕਾ ਨਿਵਾਸੀ ਸ਼ਾਮਲ ਸਨ।

# ਆਰ ਸੀ ਐਫ ਇੰਪਲਾਈਜ਼ ਯੂਨੀਅਨ ਦੇ ਅੱਠ ਉਮੀਦਵਾਰਾਂ ਨੇ ਨਾਮਜ਼ਦਗੀਆਂ ਦਾਖਲ ਕੀਤੀਆਂ

## ਪੁਰਾਣੀ ਕਮੇਟੀ ਨੇ ਪੂਰੀ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਕਰਮਚਾਰੀਆਂ ਦੀ ਭਲਾਈ ਲਈ ਕੰਮ ਕੀਤਾ- ਦਰਸ਼ਨ ਲਾਲ

**ਕਪੂਰਥਲਾ, 25 ਜੂਨ( ਕੌੜਾ )**- ਆਰ ਸੀ ਐਫ਼ ਇੰਪਲਾਈਜ਼ ਯੂਨੀਅਨ ਦੀ ਇੱਕ ਮਹੱਤਵਪੂਰਨ ਜਨਰਲ ਕੌਂਸਲ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਆਰਸੀਐਫ਼ ਦੇ ਕਰਮਚਾਰੀਆਂ ਅਤੇ ਯੂਨੀਅਨ ਮੈਂਬਰਾਂ ਨੇ ਸੈਂਕੜਿਆਂ ਦੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਆਪਣੀ ਏਕਤਾ ਅਤੇ ਭਾਰੀ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ। ਮੀਟਿੰਗ ਦੌਰਾਨ ਹਾਜ਼ਰ ਵਿਸ਼ਾਲ ਇਕੱਠ ਦੇ ਸਾਹਮਣੇ ਵਰਕਰ ਕਲੱਬ ਦੀਆਂ ਚੋਣਾਂ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਮੌਜੂਦਾ ਕਲੱਬ ਕਮੇਟੀ ਵੱਲੋਂ ਪਿਛਲੇ ਕਾਰਜਕਾਲ ਦੌਰਾਨ ਕਰਮਚਾਰੀਆਂ ਦੇ ਹਿੱਤ ਵਿੱਚ ਕੀਤੇ ਗਏ ਸ਼ਲਾਘਾਯੋਗ ਕੰਮਾਂ ਅਤੇ ਪ੍ਰਾਪਤੀਆਂ ਦਾ ਵਿਸਥਾਰਪੂਰਵਕ ਵੇਰਵਾ ਪੇਸ਼ ਕੀਤਾ ਗਿਆ। ਹਾਜ਼ਰ ਕਰਮਚਾਰੀਆਂ ਨੇ ਕਮੇਟੀ ਦੇ ਪਿਛਲੇ ਕੰਮਾਂ ਦੀ ਸਰਾਹਨਾ ਕਰਦਿਆਂ ਆਉਣ ਵਾਲੀਆਂ ਚੋਣਾਂ ਵਿੱਚ ਯੂਨੀਅਨ ਦੀਆਂ ਨੀਤੀਆਂ 'ਤੇ ਪੂਰਾ ਵਿਸ਼ਵਾਸ ਪ੍ਰਗਟ ਕੀਤਾ।

ਇਸ ਮਹੱਤਵਪੂਰਨ ਜਨਰਲ ਕੌਂਸਲ ਮੀਟਿੰਗ ਦਾ ਸਫਲ ਸੰਚਾਲਨ ਆਰਸੀਐਫ਼ ਇੰਪਲਾਈਜ਼ ਯੂਨੀਅਨ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਮਨਜੀਤ ਸਿੰਘ ਬਾਜਵਾ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਪੂਰੇ ਮੰਚ ਦੀ ਜ਼ਿੰਮੇਵਾਰੀ ਸੰਭਾਲਦਿਆਂ ਮੀਟਿੰਗ ਦੀ ਕਾਰਵਾਈ ਨੂੰ ਸੁਚਾਰੂ ਢੰਗ ਨਾਲ ਚਲਾਇਆ। ਆਪਣੇ ਸੰਬੋਧਨ ਦੌਰਾਨ ਸ੍ਰੀ ਮਨਜੀਤ ਸਿੰਘ ਬਾਜਵਾ ਨੇ ਵਰਕਰ ਕਲੱਬ ਦੀ ਮਹੱਤਤਾ ਬਾਰੇ ਵਿਸ਼ੇਸ਼ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਕਲੱਬ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਇਹ ਕਰਮਚਾਰੀਆਂ ਦੀ ਏਕਤਾ, ਭਲਾਈ ਅਤੇ ਖੇਡਾਂ ਤੇ ਸੱਭਿਆਚਾਰਕ



ਗਤੀਵਿਧੀਆਂ ਦਾ ਇੱਕ ਮਹੱਤਵਪੂਰਨ ਕੇਂਦਰ ਹੈ। ਉਨ੍ਹਾਂ ਹਾਜ਼ਰ ਵਿਸ਼ਾਲ ਇਕੱਠ ਨੂੰ ਅਨੁਸ਼ਾਸਨ ਵਿੱਚ ਰਹਿਣ ਅਤੇ ਯੂਨੀਅਨ ਵੱਲੋਂ ਤੈਅ ਕੀਤੇ ਮਾਰਗ 'ਤੇ ਚੱਲਦਿਆਂ ਆਉਣ ਵਾਲੀਆਂ ਚੋਣਾਂ ਵਿੱਚ ਇਤਿਹਾਸਕ ਜਿੱਤ ਦਰਜ ਕਰਨ ਦਾ ਸੱਦਾ ਦਿੱਤਾ।

ਮੀਟਿੰਗ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਆਰਸੀਐਫ਼ ਇੰਪਲਾਈਜ਼ ਯੂਨੀਅਨ ਦੇ ਚੇਅਰਮੈਨ ਸ੍ਰੀ ਦਰਸ਼ਨ ਲਾਲ ਨੇ ਆਪਣੇ ਭਾਸ਼ਣ ਵਿੱਚ ਯੂਨੀਅਨ ਦੇ ਗੌਰਵਮਈ ਇਤਿਹਾਸ ਅਤੇ ਸੰਘਰਸ਼ਾਂ 'ਤੇ ਚਾਨਣਾ ਪਾਇਆ। ਉਨ੍ਹਾਂ ਫੈਕਟਰੀ ਨੂੰ ਬਚਾਉਣ ਅਤੇ ਇਸ ਦੀ ਹੋਂਦ ਦੀ ਰੱਖਿਆ ਲਈ ਯੂਨੀਅਨ ਵੱਲੋਂ ਸਮੇਂ-ਸਮੇਂ 'ਤੇ ਦਿੱਤੇ ਗਏ ਇਤਿਹਾਸਕ ਯੋਗਦਾਨਾਂ ਅਤੇ ਕੁਰਬਾਨੀਆਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਚੇਅਰਮੈਨ ਸ੍ਰੀ ਦਰਸ਼ਨ ਲਾਲ ਨੇ ਕਿਹਾ ਕਿ ਆਰਸੀਐਫ਼ ਇੰਪਲਾਈਜ਼ ਯੂਨੀਅਨ ਨੇ ਹਮੇਸ਼ਾਂ ਕਰਮਚਾਰੀਆਂ ਦੇ ਹਿੱਤਾਂ ਨੂੰ ਅੱਗੇ ਰੱਖਿਆ ਹੈ ਅਤੇ ਫੈਕਟਰੀ ਉੱਤੇ ਆਉਣ ਵਾਲੇ ਹਰ ਸੰਕਟ ਦਾ ਡਟ ਕੇ ਸਾਹਮਣਾ ਕੀਤਾ ਹੈ। ਇਸਦੇ ਨਾਲ ਹੀ ਉਨ੍ਹਾਂ ਪੁਰਾਣੀ ਕਲੱਬ ਕਮੇਟੀ ਵੱਲੋਂ ਕੀਤੇ ਗਏ ਲੋਕ-ਹਿਤੈਸ਼ੀ ਕੰਮਾਂ ਦੀ ਵੀ ਖਾਸ ਤੌਰ 'ਤੇ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੁਰਾਣੀ ਕਮੇਟੀ ਨੇ ਪੂਰੀ ਪਾਰਦਰਸ਼ਤਾ ਅਤੇ ਇਮਾਨਦਾਰੀ ਨਾਲ ਕਰਮਚਾਰੀਆਂ ਦੀ ਭਲਾਈ ਲਈ ਕੰਮ ਕੀਤਾ ਹੈ, ਜਿਸ ਕਾਰਨ ਅੱਜ ਕਰਮਚਾਰੀਆਂ ਵਿੱਚ ਯੂਨੀਅਨ ਪ੍ਰਤੀ ਅਟੁੱਟ ਵਿਸ਼ਵਾਸ ਬਣਿਆ ਹੋਇਆ ਹੈ।

ਇਸ ਮਹੱਤਵਪੂਰਨ ਮੀਟਿੰਗ ਵਿੱਚ ਆਰਸੀਐਫ਼ ਇੰਪਲਾਈਜ਼ ਯੂਨੀਅਨ ਦੇ ਸਾਰੇ ਸੀਨੀਅਰ ਆਗੂ, ਸਕੱਤਰੇਤ ਮੈਂਬਰ, ਵਰਕਿੰਗ ਕਮੇਟੀ ਮੈਂਬਰ, ਡਿਵੀਜ਼ਨ ਮੈਂਬਰ, ਡੈਲੀਗੇਟ, ਆਈਆਰਟੀਐਸਏ ਦੇ ਜ਼ੋਨਲ ਸਕੱਤਰ ਜਗਤਾਰ ਸਿੰਘ ਅਤੇ ਇੰਜੀਨੀਅਰਿੰਗ ਐਸੋਸੀਏਸ਼ਨ ਤੋਂ ਦਲਬੀਰ ਸਿੰਘ ਅਤੇ ਮਨੋਜ ਸ਼ਰਮਾ ਆਪਣੀਆਂ-ਆਪਣੀਆਂ ਟੀਮਾਂ ਸਮੇਤ ਸ਼ਾਮਲ ਹੋਏ।

ਇਸ ਦੌਰਾਨ ਅੱਠ ਨਾਮਜ਼ਦ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਦਾਖਲ ਕਰਵਾਉਣ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਆਰਸੀਐਫ਼ ਕਰਮਚਾਰੀ ਇੱਕ ਵਿਸ਼ਾਲ ਕਾਫ਼ਲੇ ਦੇ ਰੂਪ ਵਿੱਚ ਅੱਗੇ ਵਧੇ। ਕਰਮਚਾਰੀਆਂ ਦੇ ਭਾਰੀ ਇਕੱਠ, ਗਗਨਭੇਦੀ ਨਾਅਰਿਆਂ ਅਤੇ ਅਭੂਤਪੂਰਵ ਸਮਰਥਨ ਦੇ ਦਰਮਿਆਨ ਸਾਰੇ ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਸਫਲਤਾਪੂਰਵਕ ਨਾਮਜ਼ਦਗੀਆਂ ਦਾਖਲ ਹੋਣ ਤੋਂ ਬਾਅਦ ਆਰਸੀਐਫ਼ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਸ੍ਰੀ ਅਮਰੀਕ ਸਿੰਘ ਨੇ ਹਾਜ਼ਰ ਸਾਰੇ ਕਰਮਚਾਰੀ ਸਾਥੀਆਂ, ਯੂਨੀਅਨ ਡੈਲੀਗੇਟਾਂ ਅਤੇ ਅਹੁਦੇਦਾਰਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨਾਮਜ਼ਦਗੀ ਪ੍ਰਕਿਰਿਆ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਪਹੁੰਚੇ ਕਰਮਚਾਰੀਆਂ ਦੇ ਜੋਸ਼ ਅਤੇ ਏਕਤਾ ਦੀ ਸਰਾਹਨਾ ਕੀਤੀ। ਇਸਦੇ ਨਾਲ ਹੀ ਸ੍ਰੀ ਅਮਰੀਕ ਸਿੰਘ ਨੇ ਚੋਣੀ ਬਿਗੁਲ ਵਜਾਉਂਦਿਆਂ ਸਾਰੇ ਅਹੁਦੇਦਾਰਾਂ ਅਤੇ ਡੈਲੀਗੇਟਾਂ ਨੂੰ ਅਪੀਲ ਕੀਤੀ ਕਿ ਉਹ ਅੱਜ ਤੋਂ ਹੀ ਚੋਣ ਦੀਆਂ ਤਿਆਰੀਆਂ ਵਿੱਚ ਪੂਰੀ ਤਾਕਤ ਨਾਲ ਜੁੱਟ ਜਾਣ। ਉਨ੍ਹਾਂ ਸੱਦਾ ਦਿੱਤਾ ਕਿ ਚੋਣ ਪ੍ਰਚਾਰ ਨੂੰ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਜ਼ਮੀਨੀ ਪੱਧਰ 'ਤੇ ਚਲਾਇਆ ਜਾਵੇ ਤਾਂ ਜੋ ਵਿਰੋਧੀ ਤਾਕਤਾਂ ਨੂੰ ਕਰਾਰੀ ਹਾਰ ਦਿੱਤੀ ਜਾ ਸਕੇ। ਪ੍ਰਧਾਨ ਸ੍ਰੀ ਅਮਰੀਕ ਸਿੰਘ ਨੇ ਪੂਰੀ ਕਾਰਜਕਾਰਨੀ ਨੂੰ ਇੱਕਜੁੱਟ ਹੋ ਕੇ ਮਿਹਨਤ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਆਰਸੀਐਫ਼ ਇੰਪਲਾਈਜ਼ ਯੂਨੀਅਨ ਦੇ ਇਸ ਪੂਰੇ ਅੱਠ ਮੈਂਬਰੀ ਪੈਨਲ ਦੀ ਇਤਿਹਾਸਕ ਅਤੇ ਸ਼ਾਨਦਾਰ ਜਿੱਤ ਨੂੰ ਹਰ ਹਾਲਤ ਵਿੱਚ ਯਕੀਨੀ ਬਣਾਉਣਾ ਹੈ। ਇਸ ਮੌਕੇ ਹਾਜ਼ਰ ਸੀਨੀਅਰ ਆਗੂਆਂ ਅਤੇ ਕਰਮਚਾਰੀਆਂ ਨੇ ਇੱਕ ਸੁਰ ਵਿੱਚ ਦਾਅਵਾ ਕੀਤਾ ਕਿ ਅੱਜ ਮਿਲੇ ਭਾਰੀ ਜਨ- ਸਮਰਥਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਚੋਣ ਵਿੱਚ ਆਰਸੀਐਫ਼ ਇੰਪਲਾਈਜ਼ ਯੂਨੀਅਨ ਦੇ ਉਮੀਦਵਾਰਾਂ ਦੀ ਸ਼ਾਨਦਾਰ ਜਿੱਤ ਨਿਸ਼ਚਿਤ ਹੈ।

# ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਾਈਟ ਨੂੰ ਸਮੇਂ ਦਾ ਹਾਣੀ ਬਣਾਵੇ : ਆਜ਼ਾਦ

**ਲੁਧਿਆਣਾ 25 ਜੂਨ (ਕਰਨੈਲ ਸਿੰਘ ਐੱਮ.ਏ.)** ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕੌਮੀ ਪ੍ਰਧਾਨ ਆਸਾ ਸਿੰਘ ਆਜ਼ਾਦ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ, ਨੌਵੀਂ, ਦਸਵੀਂ ਦੀ ਰਜਿਸਟਰੇਸ਼ਨ ਸ਼ੁਰੂ ਹੈ। ਗੈਰ ਸਹਾਇਤਾ ਪ੍ਰਾਪਤ ਸਕੂਲ ਸਟਾਫ ਨੂੰ ਬੁਲਾ ਕੇ ਬੱਚਿਆਂ ਦੀ ਰਜਿਸਟਰੇਸ਼ਨ ਕਰ ਰਹੇ ਹਨ। ਪਰ ਅਫਸੋਸ ਇਸ ਗੱਲ ਦਾ ਹੈ ਕਿ ਜੋ ਡਾਟਾ 8ਵੀਂ, ਨੌਵੀਂ, ਦਸਵੀਂ ਦਾ ਅਧਿਆਪਕ ਭਰਦੇ ਹਨ, ਉਹ ਦੂਸਰੇ ਦਿਨ ਉਹਨਾਂ ਦੀ ਆਈਡੀ ਤੇ ਦਿਖਾਈ ਨਹੀਂ ਦਿੰਦਾ। ਕਈ ਵਾਰ ਇੱਕ ਇੱਕ ਬੱਚੇ ਦਾ ਡਾਟਾ ਭਰਨ ਲਈ ਅੱਧਾ ਅੱਧਾ ਘੰਟਾ ਖੱਜਲ ਖੁਆਰ ਹੋਣਾ ਪੈਂਦਾ ਹੈ । ਗੈਰ ਸਹਾਇਤਾ ਪ੍ਰਾਪਤ ਸਕੂਲ ਦੇ ਕੰਪਿਊਟਰ ਟੀਚਰ ਨੇ ਦੱਸਿਆ ਕਿ ਉਹ ਲਗਾਤਾਰ ਇੱਕ ਹਫਤੇ ਤੋਂ ਬੱਚਿਆਂ ਦਾ ਡਾਟਾ ਐਂਟਰ ਕਰ ਰਿਹਾ ਹੈ ਪਰ ਚਾਰ ਪੰਜ ਬੱਚਿਆਂ ਦਾ ਕੀ ਦਿਖਾਈ ਦੇ ਰਿਹਾ ਸੀ। ਅੱਜ ਜਦੋਂ ਸਵੇਰੇ



ਉਸ ਵੇਲੇ ਕੰਪਿਊਟਰ ਆਨ ਕੀਤਾ ਤਾਂ ਉਹ ਵੀ ਡਾਟਾ ਡਿਲੀਟ ਹੋ ਚੁੱਕਾ ਸੀ। ਸਕੂਲਾਂ ਦੇ ਮੁਖੀਆਂ ਨੇ ਮੰਗ ਕੀਤੀ ਹੈ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਾਈਟ ਦਾ ਸਰਵਰ ਤੇਜ਼ ਕੀਤਾ ਜਾਵੇ ਤਾਂ ਜੋ ਆਖਰੀ ਤਾਰੀਖ ਤੋਂ ਪਹਿਲਾਂ ਪਹਿਲਾਂ ਸਾਰੇ ਸਕੂਲ ਬੱਚਿਆਂ ਦੀ ਰਜਿਸਟਰੇਸ਼ਨ ਕਰ ਸਕਣ। ਉਹਨਾਂ ਮੰਗ ਕੀਤੀ ਕਿ 10 ਜੁਲਾਈ ਆਖਰੀ ਤਾਰੀਖ਼ ਹੈ। ਉਸ ਤੋਂ ਬਾਅਦ ਜ਼ੁਰਮਾਨੇ ਨਾਲ ਰਜਿਸਟਰੇਸ਼ਨ ਹੋਣੀ ਹੈ ਜੋ ਬੱਚਿਆਂ ਦੇ ਮਾਪਿਆਂ ਤੇ ਬੋਝ ਹੋਵੇਗਾ। ਸਕੂਲ ਪ੍ਰਬੰਧਕਾਂ ਨੇ ਮੰਗ ਕੀਤੀ ਹੈ ਇਹ ਬੋਰਡ ਦਾ ਸਰਵਰ ਸੀਬੀਐਸਈ ਸਕੂਲਾਂ ਦੇ ਵਾਂਗ ਉਹਦੇ ਨਾਲ ਹੋਣਾ ਚਾਹੀਦਾ ਹੈ ਤਾਂ ਜੋ ਖੱਜਲ ਖੁਆਰੀ ਤੋਂ ਬਚਿਆ ਜਾ ਸਕੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡਾਕਟਰ ਕੋਟਨਿਸ ਕੇਂਦਰ ਦਾ ਨਸ਼ਾ ਮੁਕਤ ਅਭਿਆਨ ਸੰਪੰਨ

## ਸਮੂਹਿਕ ਸਹੁੰ ਨਾਲ ਗੂੰਜਿਆ ਪਰਿਸਰ, ਸੁਧਾਰ ਦੇ ਰਾਹ 'ਤੇ ਚੱਲ ਰਹੇ ਨੌਜਵਾਨਾਂ ਦੀ ਮਹਿਮਾਨਾਂ ਨੇ ਕੀਤੀ ਹੌਸਲਾਅਫ਼ਜ਼ਾਈ







**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਸਲੇਮ ਟਾਬਰੀ ਸਥਿਤ ਮੋਹਰੀ ਸਮਾਜਿਕ ਸੰਸਥਾ 'ਡਾਕਟਰ ਦਵਾਰਕਾ ਨਾਥ ਕੋਟਨਿਸ ਸਿਹਤ ਅਤੇ ਸਿੱਖਿਆ ਕੇਂਦਰ' (ਡਾਕਟਰ ਕੋਟਨਿਸ ਅ ੈ ਕ ੂ ਪ ੰ ਕ ਚ ਰ ਚਿਕਿਤਸਾਲਿਆ) ਵੱਲੋਂ ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਦੇ ਸਹਿਯੋਗ ਨਾਲ 'ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ' ਦੇ ਉਪਲਕਸ਼ ਵਿੱਚ "ਨਸ਼ਾ ਮੁਕਤ ਭਾਰਤ ਅਭਿਆਨ - ਵਿਕਸਿਤ ਭਾਰਤ ਦੀ ਪਛਾਣ" ਵਿਸ਼ੇ 'ਤੇ ਆਯੋਜਿਤ 10-ਰੋਜ਼ਾ ਵਿਆਪਕ ਜਾਗਰੂਕਤਾ ਅਭਿਆਨ (17 ਜੂਨ ਤੋਂ 26 ਜੂਨ 2026) ਦਾ ਅੱਜ ਇੱਕ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਸਮਾਪਤੀ ਸਮਾਰੋਹ ਦੇ ਨਾਲ ਸਫਲਤਾਪੂਰਵਕ ਸਮਾਪਨ ਹੋਇਆ, ਜਿਸਦੀ ਸ਼ੁਰੂਆਤ ਵਿੱਚ ਸੰਸਥਾ ਦੇ ਨਿਰਦੇਸ਼ਕ ਡਾਕਟਰ ਇੰਦਰਜੀਤ ਸਿੰਘ ਨੇ ਮੁੱਖ ਮਹਿਮਾਨ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ੍ਰ: ਵਰਿੰਦਰ ਸਿੰਘ ਟਿਵਾਣਾ, ਵਿਸ਼ੇਸ਼ ਮਹਿਮਾਨ 'ਸਰਬੱਤ ਦਾ ਭਲਾ ਚੈਰੀਟੇਬਲ ਟ੍ਰਸਟ' ਲੁਧਿਆਣਾ ਦੇ ਪ੍ਰਧਾਨ ਸ੍ਰ: ਜਸਵੰਤ ਸਿੰਘ ਛਾਪਾ ਅਤੇ ਦੇਸ਼ ਦੇ ਜਾਣੇ-ਮਾਣੇ ਸਮਾਜ ਸੇਵੀ ਸ਼੍ਰੀ ਪ੍ਰਯਾਗ ਅਰੋੜਾ ਅਤੇ ਸ਼੍ਰੀਮਤੀ ਸੋਨੀਆ ਅਰੋੜਾ ਦਾ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਨਿੱਘਾ ਸਵਾਗਤ ਕੀਤਾ; ਇਸ ਮੌਕੇ ਆਪਣੇ ਵਿਸ਼ੇਸ਼ ਸੰਬੋਧਨ ਵਿੱਚ ਪੰਜਾਬ ਵਿੱਚ ਨਸ਼ੇ ਦੀ ਗੰਭੀਰ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਡਾਕਟਰ ਇੰਦਰਜੀਤ ਸਿੰਘ ਨੇ ਰਾਸ਼ਟਰੀ ਅਤੇ ਰਾਜ ਪੱਧਰ ਦੇ ਸਿਹਤ ਸਰਵੇਖਣਾਂ (ਜਿਵੇਂ ਏਮਸ ਅਤੇ ਪੀਜੀਆਈ ਦੇ ਅਧਿਐਨ) ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ 'ਤੇ ਨਿਰਭਰਤਾ ਰਾਸ਼ਟਰੀ ਔਸਤ ਨਾਲੋਂ ਲਗਭਗ ਤਿੰਨ ਗੁਣਾਂ ਵੱਧ ਹੈ ਅਤੇ ਰਾਜ ਦਾ ਇੱਕ ਵੱਡਾ ਹਿੱਸਾ, ਖਾਸ ਕਰਕੇ 15 ਤੋਂ 35 ਸਾਲ ਦੇ ਨੌਜਵਾਨ ਓਪੀਓਡਜ਼ ਅਤੇ ਸਿੰਥੈਟਿਕ ਨਸ਼ਿਆਂ ਦੇ ਚੁੰਗਲ ਵਿੱਚ ਫਸੇ ਹੋਏ ਹਨ, ਜਿਸ ਨੂੰ ਰੋਕਣ ਲਈ ਜ਼ਮੀਨੀ ਪੱਧਰ 'ਤੇ ਅਜਿਹੇ ਜਾਗਰੂਕਤਾ ਅਭਿਆਨਾਂ ਦੀ ਬਹੁਤ ਸਖ਼ਤ ਲੋੜ ਹੈ ਤਾਂ ਜੋ ਨੌਜਵਾਨਾਂ ਨੂੰ ਬਚਾ ਕੇ ਵਿਕਸਿਤ ਭਾਰਤ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕੇ; ਇਸਦੇ ਨਾਲ ਹੀ ਵਿਸ਼ੇਸ਼ ਮਹਿਮਾਨ ਸ੍ਰ: ਜਸਵੰਤ ਸਿੰਘ ਛਾਪਾ ਨੇ ਆਪਣੇ ਸੰਬੋਧਨ ਵਿੱਚ ਸੰਸਥਾ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ, "ਨਸ਼ੇ ਦੀ ਇਸ ਗੰਭੀਰ ਸਮੱਸਿਆ ਤੋਂ ਸਮਾਜ ਨੂੰ ਮੁਕਤੀ ਦਿਵਾਉਣ ਲਈ ਸਾਰੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਇਕਜੁੱਟ ਹੋ ਕੇ ਜ਼ਮੀਨੀ ਪੱਧਰ 'ਤੇ ਕੰਮ ਕਰਨਾ ਪਵੇਗਾ, ਤਾਂ ਹੀ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸੁਰੱਖਿਅਤ ਰੱਖ ਸਕਾਂਗੇ ਅਤੇ ਇੱਕ ਖੁਸ਼ਹਾਲ ਪੰਜਾਬ ਦਾ ਨਿਰਮਾਣ ਕਰ ਸਕਾਂਗੇ"; ਇਸ ਸਮਾਪਤੀ ਸਮਾਰੋਹ ਦੌਰਾਨ ਮੁੱਖ ਮਹਿਮਾਨ ਸ੍ਰ: ਵਰਿੰਦਰ ਸਿੰਘ ਟਿਵਾਣਾ ਨੇ ਪ੍ਰੋਗਰਾਮ ਵਿੱਚ ਹਾਜ਼ਰ ਸਾਰੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁੱਟ ਰਹਿਣ ਅਤੇ ਜੀਵਨ ਵਿੱਚ ਕਦੇ ਵੀ ਨਸ਼ਾ ਨਾ ਕਰਨ ਦੀ ਸਹੁੰ ਚੁਕਾਈ, ਜਿਸ ਤੋਂ ਬਾਅਦ ਮੁੱਖ ਅਤੇ ਵਿਸ਼ੇਸ਼ ਮਹਿਮਾਨਾਂ ਵੱਲੋਂ ਸੀਪੀਐਲਆਈ ਪ੍ਰੋਜੈਕਟ ਦੇ ਤਹਿਤ ਪਿਛਲੇ 10 ਦਿਨਾਂ ਤੋਂ ਭਾਈਚਾਰੇ ਵਿੱਚ ਜਾ ਕੇ ਸ਼ਾਨਦਾਰ ਕੰਮ ਕਰਨ ਵਾਲੇ 'ਸਾਥੀ ਮਾਰਗਦਰਸ਼ਕਾਂ' ਨੂੰ ਤਗਮੇ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ, ਜਦੋਂ ਕਿ ਪ੍ਰੋਗਰਾਮ ਦੇ ਸਭ ਤੋਂ ਭਾਵੁਕ ਅਤੇ ਪ੍ਰੇਰਨਾਦਾਇਕ ਪਲ ਵਿੱਚ ਓਡੀਆਈਸੀ ਪ੍ਰੋਜੈਕਟ ਦੇ ਤਹਿਤ ਇਲਾਜ ਅਤੇ ਕੌਂਸਲਿੰਗ ਦੇ ਮਾਧਿਅਮ ਨਾਲ ਨਸ਼ੇ ਦੀ ਲਤ ਤੋਂ ਉੱਭਰਨ ਦੀ ਨਿਰੰਤਰ ਕੋਸ਼ਿਸ਼ ਕਰ ਰਹੇ ਸਾਥੀ ਨੌਜਵਾਨਾਂ ਨੇ ਮੰਚ 'ਤੇ ਆ ਕੇ ਆਪਣੀ ਆਪਬੀਤੀ ਅਤੇ ਸੰਘਰਸ਼ ਦੀ ਕਹਾਣੀ ਸਾਂਝੀ ਕੀਤੀ ਕਿ ਕਿਸ ਤਰ੍ਹਾਂ ਉਹ ਸੰਸਥਾ ਦੇ ਸਹਿਯੋਗ ਨਾਲ ਨਸ਼ੇ ਦੇ ਹਨੇਰੇ ਵਿੱਚੋਂ ਬਾਹਰ ਆਉਣ ਅਤੇ ਮੁੱਖ ਧਾਰਾ ਵਿੱਚ ਵਾਪਸ ਪਰਤਣ ਦਾ ਸਖ਼ਤ ਯਤਨ ਕਰ ਰਹੇ ਹਨ, ਜਿਸ ਨੂੰ ਸੁਣ ਕੇ ਹਾਜ਼ਰ ਮਹਿਮਾਨਾਂ ਨੇ ਇਨ੍ਹਾਂ ਨੌਜਵਾਨਾਂ ਦੇ ਇਸ ਜਜ਼ਬੇ, ਹਿੰਮਤ ਅਤੇ ਸੁਧਾਰ ਦੀਆਂ ਕੋਸ਼ਿਸ਼ਾਂ ਦੀ ਖੁੱਲ੍ਹ ਕੇ ਦਾਦ ਦਿੱਤੀ ਅਤੇ ਉਨ੍ਹਾਂ ਦੀ ਹੌਸਲਾਅਫ਼ਜ਼ਾਈ ਕੀਤੀ; ਅੰਤ ਵਿੱਚ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਐਸ. ਵਰਿੰਦਰ ਸਿੰਘ ਟਿਵਾਣਾ ਦੇ ਕੁਸ਼ਲ ਦਿਸ਼ਾ-ਨਿਰਦੇਸ਼ਾਂ ਹੇਠ ਪਿਛਲੇ 10 ਦਿਨਾਂ ਵਿੱਚ ਨੁੱਕੜ ਨਾਟਕਾਂ, ਜਾਗਰੂਕਤਾ ਰੈਲੀਆਂ, ਸੰਗੋਸ਼ਠੀਆਂ ਅਤੇ ਕੌਂਸਲਿੰਗ ਸੈਸ਼ਨਾਂ ਰਾਹੀਂ ਇਸ ਪੂਰੇ ਅਭਿਆਨ ਨੂੰ ਜ਼ਮੀਨੀ ਪੱਧਰ 'ਤੇ ਇੱਕ ਜਨ-ਅੰਦੋਲਨ ਬਣਾਉਣ ਅਤੇ ਇਸ ਆਖਰੀ ਦਿਨ ਦੀਆਂ ਗਤੀਵਿਧੀਆਂ ਦੀ ਰੂਪ-ਰੇਖਾ ਤਿਆਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ ਸੰਸਥਾ ਦੇ ਸਮਰਪਿਤ ਦਲ, ਜਿਸ ਵਿੱਚ ਖੇਤਰ ਕੋਆਰਡੀਨੇਟਰ ਗਗਨਦੀਪ, ਕੇਂਦਰ ਇੰਚਾਰਜ ਕੁਮਾਰੀ ਮਨੀਸ਼ਾ, ਅਤੇ ਸਹਿਯੋਗੀ ਮੈਂਬਰ ਰੀਤੂ, ਮਹੇਸ਼, ਮੀਨੂ, ਦਕਸ਼, ਤਰਸੇਮ ਲਾਲ, ਰਾਜਨ, ਡਾਕਟਰ ਰਘੁਬੀਰ, ਉਪੇਂਦਰ ਸਿੰਘ ਅਤੇ ਮਨਪ੍ਰੀਤ ਸਿੰਘ ਸ਼ਾਮਲ ਹਨ, ਦੇ ਅਣਥੱਕ ਅਤੇ ਸ਼ਲਾਘਾਯੋਗ ਯਤਨਾਂ ਦੀ ਸਮੂਹ ਪਤਵੰਤੇ ਮਹਿਮਾਨਾਂ ਵੱਲੋਂ ਪੂਰੀ-ਪੂਰੀ ਪ੍ਰਸੰਸਾ ਕੀਤੀ ਗਈ ਅਤੇ ਸੰਸਥਾ ਨੇ ਭਵਿੱਖ ਵਿੱਚ ਵੀ ਨਸ਼ਿਆਂ ਖ਼ਿਲਾਫ਼ ਇਸ ਜੰਗ ਨੂੰ ਜਾਰੀ ਰੱਖਣ ਦਾ ਦ੍ਰਿੜ੍ਹ ਸੰਕਲਪ ਲਿਆ।

# ਮੀਡੀਆ ਕਾਉਂਸਲ ਆਫ ਜਰਨਲਿਸਟਸ ਦੀ ਰਾਸ਼ਟਰੀ ਕਾਰਜਕਾਰਣੀ ਮੀਟਿੰਗ ਅਤੇ ਸਨਮਾਨ ਸਮਾਰੋਹ 26 ਜੂਨ ਨੂੰ ਨੂਹ ਵਿਖੇ

**ਚੰਡੀਗੜ੍ਹ/ਨਵੀਂ ਦਿੱਲੀ, 25 ਜੂਨ: ਗੁਰਭਿੰਦਰ ਗੁਰੀ** ਮੀਡੀਆ ਕਾਉਂਸਲ ਆਫ ਜਰਨਲਿਸਟਸ ਦੀ ਰਾਸ਼ਟਰੀ ਕਾਰਜਕਾਰਣੀ ਮੀਟਿੰਗ ਅਤੇ ਸਨਮਾਨ ਸਮਾਰੋਹ ਦਾ ਆਯੋਜਨ 26 ਜੂਨ 2026, ਸ਼ੁੱਕਰਵਾਰ ਸਵੇਰੇ 11 ਵਜੇ ਆਈਟੀਸੀ ਕਲਾਸਿਕ ਐਂਡ ਗੋਲਫ ਰਿਜ਼ੋਰਟ, ਸਰਾਏ ਨੂਹ (ਹਰਿਆਣਾ) ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮਹੱਤਵਪੂਰਨ ਰਾਸ਼ਟਰੀ ਸਮਾਗਮ ਵਿੱਚ ਦੇਸ਼ ਭਰ ਤੋਂ ਸੰਗਠਨ ਦੇ ਰਾਸ਼ਟਰੀ ਅਹੁਦੇਦਾਰ, ਵੱਖ-ਵੱਖ ਸੂਬਿਆਂ ਦੇ ਪ੍ਰਤੀਨਿਧੀ, ਸੀਨੀਅਰ ਪੱਤਰਕਾਰ, ਬੁੱਧੀਜੀਵੀ, ਪ੍ਰਸ਼ਾਸਨਿਕ ਅਧਿਕਾਰੀ ਅਤੇ ਸਮਾਜਿਕ ਖੇਤਰ ਨਾਲ ਜੁੜੀਆਂ ਪ੍ਰਮੁੱਖ ਸ਼ਖਸੀਅਤਾਂ ਸ਼ਮੂਲੀਅਤ ਕਰਨਗੀਆਂ।

ਮੀਡੀਆ ਕਾਉਂਸਲ ਆਫ ਜਰਨਲਿਸਟਸ ਦੇ ਰਾਸ਼ਟਰੀ ਪ੍ਰਧਾਨ ਸੰਜੇ ਰਾਠੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਮੀਟਿੰਗ ਦੌਰਾਨ ਪੱਤਰਕਾਰਾਂ ਦੇ ਹਿੱਤਾਂ, ਮੀਡੀਆ ਦੀ ਆਜ਼ਾਦੀ, ਪੱਤਰਕਾਰ ਸੁਰੱਖਿਆ ਕਾਨੂੰਨ, ਮੀਡੀਆ ਸਾਹਮਣੇ ਮੌਜੂਦਾ ਚੁਣੌਤੀਆਂ ਅਤੇ ਸੰਗਠਨ ਦੇ ਵਿਸਥਾਰ ਸਮੇਤ ਕਈ ਅਹਿਮ ਮੁੱਦਿਆਂ ’ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੱਤਰਕਾਰਤਾ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।



ਰਾਸ਼ਟਰੀ ਬੁਲਾਰੇ ਮਨੋਜ ਗੋਯਲ ਨੇ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਅੰਤਿਮ ਪੜਾਅ ਵਿੱਚ ਹਨ ਅਤੇ ਹਰਿਆਣਾ ਪ੍ਰਦੇਸ਼ ਪ੍ਰਧਾਨ ਕਾਸ਼ਿਮ ਖਾਨ ਦੀ ਅਗਵਾਈ ਹੇਠ ਪੂਰੀ ਟੀਮ ਇਸ ਰਾਸ਼ਟਰੀ ਸਮਾਗਮ ਨੂੰ ਸਫਲ ਬਣਾਉਣ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ।ਹਰਿਆਣਾ ਪ੍ਰਦੇਸ਼ ਪ੍ਰਧਾਨ ਕਾਸ਼ਿਮ ਖਾਨ ਨੇ ਕਿਹਾ ਕਿ ਹਰਿਆਣਾ ਵਿੱਚ ਇਸ ਰਾਸ਼ਟਰੀ ਕਾਰਜਕਾਰਣੀ ਮੀਟਿੰਗ ਦਾ ਆਯੋਜਨ ਹੋਣਾ ਸੂਬੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਆਉਣ ਵਾਲੇ ਪੱਤਰਕਾਰਾਂ ਲਈ ਹਰ ਲੋੜੀਂਦੀ ਸਹੂਲਤ ਯਕੀਨੀ ਬਣਾਈ ਗਈ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਇਹ ਮੀਟਿੰਗ ਪੱਤਰਕਾਰਾਂ ਦੀ ਏਕਤਾ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਮੀਡੀਆ ਜਗਤ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਸਾਰਥਕ ਦਿਸ਼ਾ ਪ੍ਰਦਾਨ ਕਰੇਗੀ।

ਮਨੋਜ ਗੋਯਲ ਨੇ ਕਿਹਾ ਕਿ ਇਹ ਮੀਟਿੰਗ ਸਿਰਫ਼ ਇੱਕ ਸੰਗਠਨਾਤਮਕ ਪ੍ਰੋਗਰਾਮ ਨਹੀਂ, ਸਗੋਂ ਪੱਤਰਕਾਰਤਾ ਦੇ ਭਵਿੱਖ, ਮੀਡੀਆ ਦੀ ਆਜ਼ਾਦੀ, ਪੱਤਰਕਾਰਾਂ ਦੀ ਸੁਰੱਖਿਆ ਅਤੇ ਮੀਡੀਆ ਜਗਤ ਦੀਆਂ ਚੁਣੌਤੀਆਂ ’ਤੇ ਗੰਭੀਰ ਚਿੰਤਨ ਲਈ ਇੱਕ ਰਾਸ਼ਟਰੀ ਮੰਚ ਸਾਬਤ ਹੋਵੇਗੀ। ਇਸ ਮੌਕੇ ’ਤੇ ਸੀਨੀਅਰ ਰਾਜਨੀਤਿਕ ਆਗੂ, ਉੱਘੇ ਬੁੱਧੀਜੀਵੀ, ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ, ਦੇਸ਼ ਭਰ ਦੇ ਪ੍ਰਮੁੱਖ ਪੱਤਰਕਾਰ ਅਤੇ ਵੱਖ-ਵੱਖ ਪੱਤਰਕਾਰ ਸੰਗਠਨਾਂ ਦੇ ਨੁਮਾਇੰਦੇ ਆਪਣੇ ਵਿਚਾਰ ਵੀ ਸਾਂਝੇ ਕਰਨਗੇ।

# ਡਿਸਟ੍ਰੀਬਿਊਟਰ ਅਤੇ ਕੰਪਨੀ ਇੱਕੋ ਗੱਡੀ ਦੇ ਦੋ ਪਹੀਏ ਹਨ – ਗੌਰਵ ਖਰਬੰਦਾ, ਜਸਪਾਲ ਖਾਲਸਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡਿਸਟ੍ਰੀਬਿਊਟਰ ਐਸੋਸੀਏਸ਼ਨ ਅਤੇ ਪੰਜਾਬ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੀ ਇੱਕ ਸਾਂਝੀ ਮੀਟਿੰਗ ਕੈਡਬਰੀ ਕੰਪਨੀ ਦੇ ਅਧਿਕਾਰੀਆਂ ਨਾਲ ਮਾਡਲ ਟਾਊਨ ਕਲੱਬ, ਲੁਧਿਆਣਾ ਵਿਖੇ ਹੋਈ। ਮੀਟਿੰਗ ਵਿੱਚ ਮੋਹਾਲੀ ਦੇ ਡਿਸਟ੍ਰੀਬਿਊਟਰ ਭੂਸ਼ਣ ਐਂਟਰਪ੍ਰਾਈਜ਼ ਨੂੰ ਦਰਪੇਸ਼ ਕੁਝ ਮੁੱਦਿਆਂ 'ਤੇ ਚਰਚਾ ਕੀਤੀ ਗਈ। ਲੁਧਿਆਣਾ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੇ ਪ੍ਰਧਾਨ ਗੌਰਵ ਖਰਬੰਦਾ, ਜਨਰਲ ਸਕੱਤਰ ਜਸਪਾਲ ਸਿੰਘ ਖਾਲਸਾ, ਜਲੰਧਰ ਤੋਂ ਵਿਵੇਕ ਛਿੱਬਰ ਅਤੇ ਚਰਨਜੀਤ ਲਾਲੀ, ਮੋਹਾਲੀ ਤੋਂ ਜਸਬੀਰ ਸਿੰਘ, ਭੂਸ਼ਣ ਬਾਂਸਲ ਅਤੇ ਕੈਡਬਰੀ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਕੈਡਬਰੀ ਦੇ ਅਧਿਕਾਰੀਆਂ ਨੇ ਦੋਵਾਂ ਐਸੋਸੀਏਸ਼ਨਾਂ ਦੇ ਅਧਿਕਾਰੀਆਂ ਨੂੰ ਭਰੋਸਾ ਦਿੱਤਾ



ਕਿ ਕੰਪਨੀ ਪੰਜਾਬ ਦੇ ਸਾਰੇ ਡਿਸਟ੍ਰੀਬਿਊਟਰਾਂ ਦੇ ਨਾਲ ਖੜ੍ਹੀ ਹੈ ਅਤੇ ਇਹ ਯਕੀਨੀ ਬਣਾਏਗੀ ਕਿ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਨੇ ਮੋਹਾਲੀ ਵਿੱਚ ਭੂਸ਼ਣ ਐਂਟਰਪ੍ਰਾਈਜ਼ ਨੂੰ ਦਰਪੇਸ਼ ਸਾਰੇ ਮੁੱਦਿਆਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਵਾਅਦਾ ਵੀ ਕੀਤਾ।

ਇਸ ਮੀਟਿੰਗ 'ਤੇ ਪੂਰੇ ਪੰਜਾਬ ਵਿੱਚ ਚਰਚਾ ਕੀਤੀ ਜਾ ਰਹੀ ਹੈ। ਲੁਧਿਆਣਾ ਡਿਸਟ੍ਰੀਬਿਊਟਰ ਐਸੋਸੀਏਸ਼ਨ ਦੇ ਪ੍ਰਧਾਨ ਗੌਰਵ ਖਰਬੰਦਾ ਅਤੇ ਜਨਰਲ ਸਕੱਤਰ ਜਸਪਾਲ ਸਿੰਘ ਖਾਲਸਾ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਡਿਸਟ੍ਰੀਬਿਊਟਰ ਅਤੇ ਕੰਪਨੀਆਂ ਇੱਕੋ ਗੱਡੀ ਦੇ ਦੋ ਪਹੀਏ ਹਨ; ਜੇਕਰ ਉਹ ਇਕੱਠੇ ਕੰਮ ਕਰਦੇ ਹਨ, ਤਾਂ ਕਾਰੋਬਾਰ ਵਧਦਾ ਹੈ। ਸਾਡਾ ਟੀਚਾ ਕਿਸੇ ਵੀ ਕੰਪਨੀ ਨਾਲ ਝਗੜਾ ਕਰਨਾ ਨਹੀਂ ਹੈ। ਅਸੀਂ ਉਨ੍ਹਾਂ ਨਾਲ ਪਿਆਰ ਅਤੇ ਸਹਿਯੋਗ ਨਾਲ ਕੰਮ ਕਰਨ ਲਈ ਤਿਆਰ ਹਾਂ, ਬਸ਼ਰਤੇ ਕਿ ਕੋਈ ਵੀ ਕੰਪਨੀ ਸਾਡੇ ਕਿਸੇ ਵੀ ਵਿਤਰਕ ਦਾ ਸ਼ੋਸ਼ਣ ਨਾ ਕਰੇ।

# ਸੋਸ਼ਲ ਵਰਕਰਜ਼ ਵੈਲਫੇਅਰ ਸੋਸਾਇਟੀ ਵੱਲੋਂ ਕੋਹਾੜਾ ਚੌਂਕ ਵਿਖੇ ਸਵੱਛ ਭਾਰਤ ਅਭਿਆਨ ਤਹਿਤ ਸਫ਼ਾਈ ਮੁਹਿੰਮ



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਸੋਸ਼ਲ ਵਰਕਰਜ਼ ਵੈਲਫੇਅਰ ਸੋਸਾਇਟੀ ਦੇ ਚੇਅਰਮੈਨ ਸੰਨੀ ਮਲਿਕ ਅਤੇ ਪ੍ਰਧਾਨ ਅਮਿਤ ਵਰਮਾ ਦੀ ਅਗਵਾਈ ਹੇਠ ਯੂਥ ਵਲੰਟੀਅਰਾਂ ਦੇ ਸਹਿਯੋਗ ਨਾਲ ਕੋਹਾੜਾ ਚੌਂਕ, ਲੁਧਿਆਣਾ ਵਿਖੇ ਸੋਸਾਇਟੀ ਦੇ ਦਫ਼ਤਰ ਦੇ ਆਲੇ-ਦੁਆਲੇ ਸਵੱਛ ਭਾਰਤ ਅਭਿਆਨ ਤਹਿਤ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ।

ਇਸ ਮੌਕੇ ਵਲੰਟੀਅਰਾਂ ਵੱਲੋਂ ਇਲਾਕੇ ਵਿੱਚ ਪਿਆ ਕੂੜਾ-ਕਰਕਟ ਇਕੱਠਾ ਕਰਕੇ ਸਫ਼ਾਈ ਕੀਤੀ ਗਈ ਅਤੇ ਆਮ ਲੋਕਾਂ ਨੂੰ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਜਾਗਰੂਕ ਕੀਤਾ ਗਿਆ। ਸੋਸਾਇਟੀ ਦੇ ਅਹੁਦੇਦਾਰਾਂ ਨੇ ਕਿਹਾ ਕਿ ਸਾਫ਼-ਸੁਥਰਾ ਵਾਤਾਵਰਣ ਸਿਹਤਮੰਦ ਸਮਾਜ ਦੀ ਨੀਂਹ ਹੈ ਅਤੇ ਹਰ ਨਾਗਰਿਕ ਨੂੰ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਚੇਅਰਮੈਨ ਸੰਨੀ ਮਲਿਕ ਨੇ ਕਿਹਾ ਕਿ ਸਫ਼ਾਈ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਪ੍ਰਧਾਨ ਅਮਿਤ ਵਰਮਾ ਨੇ ਕਿਹਾ ਕਿ ਸੋਸਾਇਟੀ ਭਵਿੱਖ ਵਿੱਚ ਵੀ ਅਜਿਹੀਆਂ ਸਮਾਜ ਸੇਵੀ ਗਤੀਵਿਧੀਆਂ ਕਰਦੀ ਰਹੇਗੀ ਤਾਂ ਜੋ ਲੋਕਾਂ ਵਿੱਚ ਸਫ਼ਾਈ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਾਈ ਜਾ ਸਕੇ। ਇਸ ਮੌਕੇ ਸੋਸਾਇਟੀ ਦੇ ਯੂਥ ਵਲੰਟੀਅਰਾਂ ਅਤੇ ਹੋਰ ਮੈਂਬਰਾਂ ਨੇ ਵੀ ਸਰਗਰਮ ਭੂਮਿਕਾ ਨਿਭਾਈ ਅਤੇ ਲੋਕਾਂ ਨੂੰ ਸਫ਼ਾਈ ਬਣਾਈ ਰੱਖਣ ਦਾ ਸੰਦੇਸ਼ ਦਿੱਤਾ।

# ਪੰਚਾਇਤੀ ਜਮੀਨ ਅਤੇ ਛੱਪੜਾਂ ਤੋਂ ਨਜਾਇਜ਼ ਕਬਜ਼ੇ ਛਡਾਏ ਜਾਣਗੇ: ਸਰਪੰਚ ਬਲਵਿੰਦਰ ਸਿੰਘ ਲੱਡੂ

**ਕਪੂਰਥਲਾ, 25 ਜੂਨ (ਕੌੜਾ )–** ਬੀਤੇ ਦਿਨੀ ਗ੍ਰਾਮ ਪੰਚਾਇਤ ਤਲਵੰਡੀ ਚੌਧਰੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਸਰਪੰਚ ਬਲਵਿੰਦਰ ਸਿੰਘ ਲੱਡੂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੰਚਾਇਤੀ ਜ਼ਮੀਨ ਤੇ ਕੀਤੇ ਨਾਜਾਇਜ਼ ਕਬਜਿਆ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਬਲਵਿੰਦਰ ਸਿੰਘ ਲੱਡੂ ਤਲਵੰਡੀ ਚੌਧਰੀਆਂ ਨੇ ਦੱਸਿਆ ਕਿ ਜਿਨਾਂ ਕਿਸਾਨਾਂ ਦਾ ਪਿੰਡ ਦੀ ਪੰਚਾਇਤੀ ਜ਼ਮੀਨ ਤੇ ਕਬਜ਼ਾ ਹੈ ਉਹਨਾਂ ਕਿਸਾਨਾਂ ਨੇ ਪੰਚਾਇਤ ਪਾਸੋਂ ਰਸੀਦਾਂ ਕਟਾ ਲਈਆਂ ਹਨ ਲ ਪਰ ਪਿੰਡ ਸਵਾਲ, ਪਮਣ, ਨੂਰਪੁਰ , ਮਹਿਜੀਤਪੁਰ, ਉੱਚਾ ਬੋਹੜ ਵਾਲਾ , ਮਹਿਤਮਾ ਵਾਲ , ਨੂਰੋਵਾਲ , ਸਾਲਾਪੁਰ ਕੋਠੇ, ਸ਼ਾਲਾਪੁਰ ਬੇਟ ਆਦਿ ਪਿੰਡਾਂ ਵਿੱਚ ਪੰਚਾਇਤੀ ਜ਼ਮੀਨ ਤੋਂ ਇਲਾਵਾ ਛੱਪੜ , ਹਡਾ ਰੋੜੀ ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਉਹਨਾਂ ਅਪੀਲ ਕੀਤੀ ਜਿਨਾਂ ਕਿਸਾਨਾਂ ਪਾਸ ਪੰਚਾਇਤੀ ਜ਼ਮੀਨ ਹੈ ਉਹ



ਪੰਚਾਇਤ ਪਾਸੋਂ ਰਸੀਦ ਕਟਵਾ ਲੈਣ। ਪਿੰਡ ਉੱਚਾ ਬੋਹੜ ਵਾਲਾ ਵਿਖੇ ਡੇਢ ਏਕੜ ਦਾ ਇੱਕ ਗੰਦੇ ਪਾਣੀ ਵਾਲਾ ਛੱਪੜ ਹੈ ਜਿਸ ਨੂੰ ਕਥਿਤ ਤੌਰ ਤੇ ਕਿਸਾਨ ਪੱਧਰਾ ਕਰਕੇ ਫਸਲ ਉਗਾ ਰਹੇ ਹਨ। ਉਸ ਤੋਂ ਵੀ ਨਜਾਇਜ਼ ਕਬਜ਼ਾ ਛਡਾਇਆ ਜਾਵੇਗਾ। ਜੇਕਰ ਕਿਸੇ ਵੀ ਕਿਸਾਨ ਵੀਰ ਨੇ ਨਜਾਇਜ਼ ਕਬਜ਼ਾ ਨਾ ਛੱਡਿਆ ਜਾਂ ਜਮੀਨ ਦਾ ਬਣਦਾ ਠੇਕਾ ਪੰਚਾਇਤ ਨੂੰ ਨਾ ਦਿੱਤਾ ਤਾਂ ਪ੍ਰਸ਼ਾਸਨ ਦੇ ਸਹਿਯੋਗ ਨਾਲ ਨਜਾਇਜ਼ ਕਬਜ਼ਾ ਛੁਡਾਇਆ ਜਾਵੇਗਾ ਅਤੇ ਪਿਛਲੀ ਫਸਲ ਦਾ ਬਣਦਾ ਮੁਆਵਜਾ ਵੀ ਉਗਰਾਇਆ ਜਾਵੇਗਾ।

# ਕਾਂਗਰਸ ਦੇ ਉਮੀਦਵਾਰ ਮਨੀ ਫਰਵਾਹਾ ਨੇ ਵਾਰਡ ਨੰਬਰ 26 ਤੋਂ ਭਰੇ ਨਾਮਜ਼ਦਗੀ ਕਾਗਜ਼

## ਵੋਟਰਾਂ ਦੇ ਭਾਰੀ ਇਕੱਠ ਨੇ ਮਨੀ ਫਰਵਾਹਾ ਦੀ ਜਿੱਤ 'ਤੇ ਲਾਈ ਮੋਹਰ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ )** ਵਾਰਡ ਨੰਬਰ 26 ਤੋਂ ਕਾਂਗਰਸ ਪਾਰਟੀ ਦੇ ਨਿਧੜਕ, ਮਿਹਨਤੀ ਅਤੇ ਸੂਝਵਾਨ ਉਮੀਦਵਾਰ ਮਨੀ ਫਰਵਾਹਾ ਵੱਲੋਂ ਅੱਜ ਭਾਰੀ ਉਤਸ਼ਾਹ ਅਤੇ ਹਜ਼ਾਰਾਂ ਸਮਰਥਕਾਂ ਦੀ ਹਾਜ਼ਰੀ ਵਿੱਚ ਆਪਣੇ ਨਾਮਜ਼ਦਗੀ ਪੱਤਰ (ਕਾਗਜ਼) ਦਾਖਲ ਕੀਤੇ ਗਏ। ਰਾਜਨੀਤੀ ਦੇ ਮੈਦਾਨ ਵਿੱਚ ਆਪਣੀ ਪਹਿਲੀ ਪਾਰੀ ਖੇਡਣ ਜਾ ਰਹੇ ਨੌਜਵਾਨ ਆਗੂ ਮਨੀ ਫਰਵਾਹਾ ਦੇ ਪੱਖ ਵਿੱਚ ਅੱਜ ਵਾਰਡ ਨੰਬਰ 26 ਦੇ ਵੋਟਰਾਂ ਅਤੇ ਸਮਰਥਕਾਂ ਦਾ ਇੱਕ ਬੇਮਿਸਾਲ ਕਾਫਲਾ ਦੇਖਣ ਨੂੰ ਮਿਲਿਆ। ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਦੇ ਇਸ ਹੜ੍ਹ ਨੇ ਸਾਫ਼ ਕਰ ਦਿੱਤਾ ਹੈ ਕਿ ਇਲਾਕੇ ਦੇ ਲੋਕ ਕਾਂਗਰਸ ਪਾਰਟੀ ਅਤੇ ਮਨੀ ਫਰਵਾਹਾ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਨ ਅਤੇ ਉਹਨਾਂ ਦੀ ਜਿੱਤ ਪੂਰੀ ਤਰ੍ਹਾਂ ਯਕੀਨੀ ਹੈ।

**ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਦੀ ਝੋਲੀ ਪਾਵਾਂਗੇ ਜਿੱਤ:** ਨਾਮਜ਼ਦਗੀ ਪੱਤਰ ਦਾਖਲ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਮੀਦਵਾਰ ਮਨੀ ਫਰਵਾਹਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਲੋਕਾਂ ਦੀ ਸੇਵਾ ਅਤੇ ਇਲਾਕੇ ਦੇ ਵਿਕਾਸ ਲਈ ਵਚਨਬੱਧ ਰਹੀ ਹੈ। ਉਹਨਾਂ ਕਿਹਾ, "ਪਾਰਟੀ ਹਾਈਕਮਾਂਡ ਵੱਲੋਂ ਮੈਨੂੰ ਜੋ ਸੇਵਾ ਦਾ ਮੌਕਾ ਦਿੱਤਾ ਗਿਆ ਹੈ, ਮੈਂ ਉਸ ਲਈ ਪਾਰਟੀ ਦਾ ਤਹਿ ਦਿਲੋਂ ਧੰਨਵਾਦੀ ਹਾਂ। ਵਾਰਡ ਨੰਬਰ 26 ਦੇ ਸੂਝਵਾਨ ਵੋਟਰਾਂ ਦੇ ਸਹਿਯੋਗ ਨਾਲ ਅਸੀਂ ਇਹ ਸੀਟ ਵੱਡੀ ਲੀਡ ਨਾਲ ਜਿੱਤ ਕੇ ਕਾਂਗਰਸ ਦੇ ਸਾਬਕਾ ਕੈਬਨਿਟ



ਮੰਤਰੀ ਸੁੰਦਰ ਸ਼ਾਮ ਅਰੋੜਾ ਦੀ ਝੋਲੀ ਵਿੱਚ ਪਾਵਾਂਗੇ।"

ਉਹਨਾਂ ਅੱਗੇ ਬੋਲਦਿਆਂ ਕਿਹਾ ਕਿ ਵਾਰਡ ਦਾ ਸਰਵਪੱਖੀ ਵਿਕਾਸ ਕਰਵਾਉਣਾ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੀ ਉਹਨਾਂ ਦਾ ਮੁੱਖ ਮਕਸਦ ਹੈ। ਅੱਜ ਦੇ ਇਸ ਵਿਸ਼ਾਲ ਕਾਫਲੇ ਨੇ ਵਿਰੋਧੀਆਂ ਦੇ ਹੌਸਲੇ ਪਸਤ ਕਰ ਦਿੱਤੇ ਹਨ ਅਤੇ ਵਾਰਡ ਦੇ ਹਰ ਵਰਗ ਵੱਲੋਂ ਮਿਲ ਰਿਹਾ ਪਿਆਰ ਅਤੇ ਆਸ਼ੀਰਵਾਦ ਮੇਰੀ ਸਭ ਤੋਂ ਵੱਡੀ ਤਾਕਤ ਹੈ।

ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਇਲਾਕਾ ਨਿਵਾਸੀ, ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਮਹਿਲਾਵਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਨੇ ਮਨੀ ਫਰਵਾਹਾ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਆਪਣਾ ਪੂਰਨ ਸਮਰਥਨ ਦੁਹਰਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ, ਐਡਵੋਕੇਟ ਰਣਜੀਤ ਕੁਮਾਰ ਕੁਆਰਡੀਨੇਟਰ ਕਾਂਗਰਸ ਪਾਰਟੀ ਹਲਕਾ ਚੱਬੇਵਾਲ, ਰਜਿੰਦਰ ਪਰਮਾਰ ਅਤੇ ਸਨੀ ਫਰਵਾਹਾ ਆਦਿ ਹਾਜ਼ਰ ਸਨ !

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਅਹਿਮ ਮੀਟਿੰਗ; ਮੰਗਾਂ ਵਿੱਤ ਮੰਤਰੀ ਤੱਕ ਪਹੁੰਚਾਉਣ ਲਈ ਚੇਅਰਮੈਨ ਸਤਨਾਮ ਜਲਾਲਪੁਰ ਦਾ ਕੀਤਾ ਧੰਨਵਾਦ

**ਬਲਾਚੌਰ , 25 ਜੂਨ (ਜਤਿੰਦਰ ਪਾਲ ਸਿੰਘ ਕਲੇਰ ):**ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ (ਰਜਿ. 295) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਇੱਕ ਅਹਿਮ ਮਾਸਕ (ਮਹੀਨਾਵਾਰ) ਮੀਟਿੰਗ ਸਥਾਨਕ ਲਿਵਾਸਾ ਹਸਪਤਾਲ ਵਿਖੇ ਜ਼ਿਲ੍ਹਾ ਪ੍ਰਧਾਨ ਡਾ. ਕਸ਼ਮੀਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਡਾ. ਧਰਮਜੀਤ ਨੇ ਪਿਛਲੇ ਮਹੀਨੇ ਦੀਆਂ ਗਤੀਵਿਧੀਆਂ ਦਾ ਵੇਰਵਾ ਸਾਂਝਾ ਕੀਤਾ। ਇਸ ਮੀਟਿੰਗ ਵਿੱਚ ਜ਼ਿਲ੍ਹੇ ਭਰ ਦੇ ਸਾਰੇ ਬਲਾਕਾਂ ਦੇ ਨੁਮਾਇੰਦਿਆਂ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਐਸੋਸੀਏਸ਼ਨ ਵੱਲੋਂ ਬਲਾਚੌਰ ਵਿਖੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਲੈਨਿੰਗ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੂੰ ਆਪਣੀਆਂ ਹੱਕੀ ਮੰਗਾਂ ਸਬੰਧੀ ਇੱਕ ਮੰਗ ਪੱਤਰ ਸੌਂਪਿਆ ਗਿਆ ਸੀ। ਆਪਣੇ ਵਾਅਦੇ ਨੂੰ ਪੂਰਾ ਕਰਦਿਆਂ, ਬੀਤੇ ਕੱਲ੍ਹ ਚੇਅਰਮੈਨ ਜਲਾਲਪੁਰ ਨੇ ਇਹ ਮੰਗ ਪੱਤਰ ਪੰਜਾਬ ਦੇ ਖ਼ਜ਼ਾਨਾ (ਵਿੱਤ) ਮੰਤਰੀ ਹਰਪਾਲ ਸਿੰਘ ਚੀਮਾ ਨੂੰ ਖੁਦ ਸੌਂਪਿਆ। ਉਨ੍ਹਾਂ ਨੇ ਵਿੱਤ ਮੰਤਰੀ ਨੂੰ ਪੰਜਾਬ ਭਰ ਵਿੱਚ ਸਵੈ-ਰੁਜ਼ਗਾਰ ਕਰ ਰਹੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਸਥਾਰਪੂਰਵਕ ਜਾਣੂ ਕਰਵਾਇਆ।



ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਆਵਾਜ਼ ਨੂੰ ਸਰਕਾਰ ਦੇ ਉੱਚ ਪੱਧਰ ਤੱਕ ਪਹੁੰਚਾਉਣ ਲਈ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਨੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਐਸੋਸੀਏਸ਼ਨ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ: "ਪਿੰਡਾਂ ਅਤੇ ਦੂਰ-ਦੁਰਾਡੇ ਦੇ ਪੇਂਡੂ ਖੇਤਰਾਂ ਵਿੱਚ ਜਿੱਥੇ ਸਰਕਾਰੀ ਸਿਹਤ ਸਹੂਲਤਾਂ ਦੀ ਕਮੀ ਹੈ, ਉੱਥੇ ਇਹ ਪ੍ਰੈਕਟੀਸ਼ਨਰ ਲੋਕਾਂ ਨੂੰ ਚੌਵੀ ਘੰਟੇ ਮੁੱਢਲੀ ਸਿਹਤ ਸਹਾਇਤਾ ਪ੍ਰਦਾਨ ਕਰ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਦਾ ਜਲਦ ਤੋਂ ਜਲਦ ਕੋਈ ਸਥਾਈ ਅਤੇ ਸਕਾਰਾਤਮਕ ਹੱਲ ਕੱਢਿਆ ਜਾਵੇ, ਤਾਂ ਜੋ ਸਵੈ-ਰੁਜ਼ਗਾਰ ਰਾਹੀਂ ਗੁਜ਼ਾਰਾ ਕਰ ਰਹੇ ਲੱਖਾਂ ਪਰਿਵਾਰਾਂ ਨੂੰ ਬੇਰੁਜ਼ਗਾਰ ਹੋਣ ਤੋਂ ਬਚਾਇਆ



ਜਾ ਸਕੇ।"ਮੀਟਿੰਗ ਦੌਰਾਨ ਸਾਰੇ ਬਲਾਕਾਂ ਦੇ ਪ੍ਰਧਾਨਾਂ, ਸੈਕਟਰੀਆਂ ਅਤੇ ਮੈਂਬਰਾਂ ਨੇ ਇੱਕਸੁਰ ਹੋ ਕੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਜਾਰੀ ਰੱਖਣ ਅਤੇ ਆਪਸੀ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਸਟੇਟ ਮੀਤ ਪ੍ਰਧਾਨ ਡਾ. ਦਿਲਦਾਰ ਚਾਹਲ, ਜ਼ਿਲ੍ਹਾ ਵਿੱਤ ਸਕੱਤਰ ਡਾ. ਰਾਮਜੀ ਦਾਸ, ਜ਼ਿਲ੍ਹਾ ਚੇਅਰਮੈਨ ਡਾ. ਟੇਕ ਚੰਦ ਸੈਣੀ, ਬਲਾਚੌਰ ਬਲਾਕ ਦੇ ਪ੍ਰਧਾਨ ਡਾ. ਤਜਿੰਦਰ ਸਿੰਘ ਜੋਤ, ਡਾ. ਸੰਦੀਪ ਜੋਸ਼ੀ, ਡਾ. ਕੁਲਬੀਰ ਸਿੰਘ, ਡਾ. ਕਸ਼ਮੀਰ, ਡਾ. ਪਰਸ਼ੋਤਮ, ਡਾ. ਮਨਜੀਤ ਲੱਧੜ, ਡਾ. ਦਿਲਬਾਗ, ਡਾ. ਵਿਜੇ ਡੇਵਿਡ, ਡਾ. ਅਸ਼ੋਕ ਸ਼ਰਮਾ, ਡਾ. ਦੇਸ ਰਾਜ, ਡਾ. ਬਲਬੀਰ ਸਿੰਘ, ਡਾ. ਸੁਖਜ਼ਾਦ ਸਿੰਘ, ਡਾ. ਗਿਆਨ ਸਿੰਘ ਮੰਡੇਰ, ਡਾ. ਸੱਤਪਾਲ ਸਿੰਘ, ਡਾ. ਤਰਸੇਮ, ਡਾ. ਬਿਮਲ ਕੈਂਥ, ਡਾ. ਕੁਲਵਿੰਦਰ ਸਿੰਘ ਡਾ ਨਾਮਦੇਵ ਅਤੇ ਡਾ. ਅਵਤਾਰ ਮੱਲ ਸਮੇਤ ਭਾਰੀ ਗਿਣਤੀ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਹਾਜ਼ਰ ਸਨ।

# ਭਾਰਤ-ਅਮਰੀਕਾ ਟ੍ਰੇਡ ਡੀਲ ਦੇ ਖ਼ਿਲਾਫ਼ ਸਾਂਝੇ ਸੰਘਰਸ਼ ਦਾ ਐਲਾਨ, ਵੱਖ-ਵੱਖ ਕਿਸਾਨ-ਮਜ਼ਦੂਰ ਸੰਗਠਨਾਂ ਦੀ ਮੀਟਿੰਗ ਸੰਪੰਨ

## ਖੇਤੀਬਾੜੀ, ਪਸ਼ੂ ਪਾਲਣ, ਰੋਜ਼ਗਾਰ ਅਤੇ ਖਾਦ ਸੁਰੱਖਿਆ ਨਾਲ ਜੁੜੇ ਮੁੱਦਿਆਂ ਉੱਤੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾਵੇਗਾ- ਸੁਖ ਗਿੱਲ, ਜਥੇ: ਨਿਮਾਣਾ

**ਚੰਡੀਗੜ੍ਹ/ਲੁਧਿਆਣਾ 25 ਜੂਨ (ਕਰਨੈਲ ਸਿੰਘ ਐੱਮ.ਏ.)** ਅੱਜ ਮਿਤੀ 25 ਜੂਨ ਨੂੰ ਕਿਸਾਨ ਭਵਨ, ਸੈਕਟਰ-35 ਏ, ਚੰਡੀਗੜ੍ਹ ਵਿਖੇ ਵੱਖ-ਵੱਖ ਕਿਸਾਨ, ਮਜ਼ਦੂਰ ਅਤੇ ਸਮਾਜਿਕ ਸੰਗਠਨਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਭਾਰਤ-ਅਮਰੀਕਾ ਪ੍ਰਸਤਾਵਿਤ ਟ੍ਰੇਡ ਡੀਲ ਦੇ ਕਿਸਾਨਾਂ, ਮਜ਼ਦੂਰਾਂ, ਪਸ਼ੂ ਪਾਲਕਾਂ, ਛੋਟੇ ਵਪਾਰੀਆਂ ਅਤੇ ਦੇਸ਼ ਦੀ ਖਾਦ ਅਤੇ ਆਰਥਿਕ ਸੰਪ੍ਰਭੁਤਾ ਉੱਤੇ ਪੈਣ ਵਾਲੇ ਸੰਭਾਵਿਤ ਨਕਾਰ-ਾਤਮਕ ਪ੍ਰਭਾਵਾਂ ਬਾਰੇ ਗੰਭੀਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਐੱਸ.ਕੇ.ਐੱਮ.(ਗੈਰ-ਰਾਜਨੀਤਿਕ), ਏ.ਕੇ.ਐੱਮ.ਪੰਜਾਬ ਫੋਰਮ (ਆਜ਼ਾਦ ਕਿਸਾਨ ਮੋਰਚਾ ਪੰਜਾਬ),ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਹਰਿਆਣਾ, ਰਾਸ਼ਟਰੀ ਕਿਸਾਨ ਮਹਾਸੰਘ,ਐਸ ਕੇ ਐਮ 32 ਜਥੇਬੰਦੀਆਂ,ਆਲ ਇੰਡੀਆ ਐੱਮ.ਐੱਸ.ਪੀ.ਮੋਰਚਾ ਸਮੇਤ ਵੱਖ-ਵੱਖ ਸੰਗਠਨਾਂ ਦੇ ਸਨਮਾਨਿਤ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਹਰਿਆਣਾ, ਪੰਜਾਬ, ਰਾਜਸਥਾਨ, ਮਹਾਂਰਾਸ਼ਟਰ, ਕੇਰਲ, ਓਡੀਸ਼ਾ, ਉੱਤਰ ਪ੍ਰਦੇਸ਼, ਉੱਤਰਾਖੰਡ, ਮੱਧ ਪ੍ਰਦੇਸ਼ ਆਦਿ ਕਈ ਰਾਜਾਂ ਤੋਂ ਕਿਸਾਨ ਨੁਮਾਇੰਦੇ ਮੌਜੂਦ ਰਹੇ।

ਸਾਰੇ ਸੰਗਠਨਾਂ ਨੇ ਇਕਸੁਰ ਹੋ ਕੇ ਫ਼ੈਸਲਾ ਕੀਤਾ ਕਿ ਭਾਰਤ-ਅਮਰੀਕਾ ਟ੍ਰੇਡ ਡੀਲ ਦੇ ਖ਼ਿਲਾਫ਼ ਵਿਆਪਕ ਪੱਧਰ 'ਤੇ ਸਾਂਝਾ ਸੰਘਰਸ਼ ਚਲਾਇਆ ਜਾਵੇਗਾ। ਬੋਲਣ ਵਾਲਿਆਂ ਨੇ ਕਿਹਾ ਕਿ ਇਹ ਡੀਲ ਦੇਸ਼ ਦੇ ਕਿਸਾਨਾਂ, ਪਸ਼ੂ



ਪਾਲਕਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹਿੱਤਾਂ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ। ਇਸ ਲਈ ਸਾਰੇ ਸੰਗਠਨ ਆਪਣੇ ਆਪਸੀ ਮਤਭੇਦ ਭੁਲਾ ਕੇ ਇੱਕ ਮੰਚ 'ਤੇ ਆ ਕੇ ਇਸ ਲੜਾਈ ਨੂੰ ਮਜ਼ਬੂਤੀ ਨਾਲ ਲੜਨਗੇ। ਮੀਟਿੰਗ ਵਿੱਚ ਅੱਗੇ ਦੀ ਰਣਨੀਤੀ ਤੈਅ ਕਰਨ ਲਈ 1 ਜੁਲਾਈ 2026 ਨੂੰ ਕਿਸਾਨ ਭਵਨ, ਸੈਕਟਰ-35 ਏ, ਚੰਡੀਗੜ੍ਹ ਵਿਖੇ ਸਾਰੇ ਭਾਗੀਦਾਰ ਫੋਰਮਾਂ ਅਤੇ ਸੰਗਠਨਾਂ ਦੇ ਪੰਜ-ਪੰਜ ਪ੍ਰਮੁੱਖ ਨੁਮਾਇੰਦਿਆਂ ਦੀ ਮੀਟਿੰਗ ਬੁਲ-ਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਭਾਰਤ-ਅਮਰੀਕਾ ਟ੍ਰੇਡ ਡੀਲ ਦੇ ਖ਼ਿਲਾਫ਼ ਸਾਂਝੇ ਸੰਘਰਸ਼ ਦੀ ਵਿਸਥਾਰਤ ਰਣਨੀਤੀ, ਕਾਰਜਕ੍ਰਮਾਂ ਦੀ ਰੂਪ-ਰੇਖਾ ਅਤੇ ਅੰਦੋਲਨ ਦੇ ਅਗਲੇ ਪੜਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਨਾਲ ਹੀ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਜਿਹੜੇ ਕਿਸਾਨ, ਮਜ਼ਦੂਰ ਅਤੇ ਸਮਾਜਿਕ ਸੰਗਠਨ ਜਾਂ ਉਨ੍ਹਾਂ ਦੇ ਨੁਮਾਇੰਦੇ ਕਿਸੇ ਕਾਰਨ ਕਰਕੇ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ, ਉਨ੍ਹਾਂ ਨੂੰ ਵੀ 1 ਜੁਲਾਈ ਦੀ ਮੀਟਿੰਗ ਵਿੱਚ ਸੱਦਾ ਦਿੱਤਾ ਜਾਵੇਗਾ, ਤਾਂ ਜੋ ਟ੍ਰੇਡ ਡੀਲ ਦੇ ਖ਼ਿਲਾਫ਼ ਵੱਧ ਤੋਂ ਵੱਧ ਸੰਗਠਨਾਂ ਨੂੰ ਇੱਕ ਮੰਚ 'ਤੇ ਲਿਆ ਕੇ ਵਿਆਪਕ, ਮਜ਼ਬੂਤ ਅਤੇ ਪ੍ਰਭਾਵਸ਼ਾਲੀ ਸਾਂਝੇ ਸੰਘਰਸ਼ ਦੀ ਰਣਨੀਤੀ ਤਿਆਰ ਕੀਤੀ ਜਾ ਸਕੇ। ਇਸ ਸਮੇਂ ਅਜਾਦ ਕਿਸਾਨ ਮੋਰਚਾ ਪੰਜਾਬ ਦੇ ਪ੍ਰਮੁੱਖ ਆਗੂ ਸੁਖ ਗਿੱਲ ਮੋਗਾ, ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਮੀਟਿੰਗ ਵਿੱਚ ਮੌਜੂਦ ਹੋਰ ਆਗੂਆਂ ਨੇ ਸਪਸ਼ਟ ਕਿਹਾ ਕਿ ਦੇਸ਼ ਦੀ ਖੇਤੀਬਾੜੀ, ਪਸ਼ੂ ਪਾਲਣ, ਰੋਜ਼ਗਾਰ ਅਤੇ ਖਾਦ ਸੁਰੱਖਿਆ ਨਾਲ ਜੁੜੇ ਮੁੱਦਿਆਂ ਉੱਤੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾਵੇਗਾ। ਜੇਕਰ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਸਾਂਝਾ ਮੋਰਚਾ ਦੇਸ਼-ਪੱਧਰੀ ਅੰਦੋਲਨ ਦਾ ਰਾਹ ਅਪਣਾਉਣ ਲਈ ਮਜ਼ਬੂਰ ਹੋਵੇਗਾ।

# ਮਜ਼ਦੂਰ ਯੂਨੀਅਨ ਦੇ ਉਮੀਦਵਾਰਾਂ ਨੇ ਵਰਕਰ ਕਲੱਬ ਚੋਣਾਂ ਸੰਬੰਧੀ ਦਾਖਲ ਕੀਤੇ ਆਪਣੇ ਆਪਣੇ ਨਾਮਜਦਗੀ ਪੱਤਰ

## ਭਰਿਸ਼ਟਾਚਾਰ ਨੂੰ ਖਤਮ ਕਰਨ ਲਈ ਵਰਕਰ ਕਲੱਬ ਮੈਨੇਜਮੈਂਟ ਕਮੇਟੀ ਵਿੱਚ ਬਦਲਾਵ ਲਿਆਉਣਾ ਸਮੇਂ ਦੀ ਮੁੱਖ ਲੋੜ – ਰਾਮ ਰਤਨ ਸਿੰਘ

**ਕਪੂਰਥਲਾ, 25 ਜੂਨ (ਕੌੜਾ )–** ਆਰ ਸੀ ਐਫ ਵਿੱਚ ਵਰਕਰ ਕਲੱਬ ਮੈਨੇਜਮੈਂਟ ਕਮੇਟੀ ਦੇ ਚੋਣਾਂ ਦਾ ਐਲਾਨ ਹੁੰਦਿਆਂ ਹੀ ਜਿੱਥੇ ਆਰ ਸੀ ਐੱਫ ਦੀਆਂ ਸਮੁੱਚੀਆਂ ਜਥੇਬੰਦੀਆਂ ਸਰਗਰਮ ਹੋ ਗਈਆਂ ਹਨ। ਉੱਥੇ ਹੀ ਮਜ਼ਦੂਰ ਯੂਨੀਅਨ ਆਰ ਸੀਐਫ ਵੀ ਇਹਨਾਂ ਚੋਣਾਂ ਨੂੰ ਲੈ ਕੇ ਕ੍ਰ ਪੂਰੀ ਤਰ੍ਹਾਂ ਸਰਗਰਮ ਹੋ ਗਈ ਹੈ। ਜਿਸ ਦੇ ਚਲਦੇ ਭਾਰੀ ਗਿਣਤੀ ਵਿੱਚ ਮਜ਼ਦੂਰ ਯੂਨੀਅਨ ਨੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਪ੍ਰਬੰਧਕੀ ਬਲਾਕ ਵਿਚ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਨਾਲ ਚੋਣਾਂ ਸਬੰਧੀ ਨਾਮਜਦਗੀ ਪੱਤਰ ਦਾਖਲ ਕੀਤੇ। ਜਨਰਲ ਸਕੱਤਰ ਰਾਮ ਰਤਨ ਸਿੰਘ, ਪ੍ਰਧਾਨ ਅਭਿਸ਼ੇਕ ਸਿੰਘ ਕਾਰਜਕਾਰੀ ਪ੍ਰਧਾਨ ਰਣਜੀਤ ਸਿੰਘ ਜਵਾਇੰਟ ਸਕੱਤਰ ਪ੍ਰੀਤਮ ਸਿੰਘ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਸ਼ਕਤੀ ਪ੍ਰਦਰਸ਼ਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਚਲਦੀ ਆ ਰਹੀ ਵਰਕਰ ਕਲੱਬ ਦੀ ਵਰਤਮਾਨ ਕਮੇਟੀ ਦੀ ਅਵਸਥਾ ਬਹੁਤ ਖਰਾਬ ਹੋ ਚੁੱਕੀ ਹੈ। ਜਿਸ ਦਾ ਬਦਲਾਅ ਕਰਨਾ



ਬਹੁਤ ਜਰੂਰੀ ਹੈ। ਇਸ ਮੌਕੇ ਤੇ ਜਨਰਲ ਸਕੱਤਰ ਰਾਮਰਾਜ ਸਿੰਘ ਨੇ ਦੱਸਿਆ ਕਿ ਰੇਲ ਕੋਚ ਫੈਕਟਰੀ ਵਿੱਚ ਕੰਮ ਦੇ ਹਾਲਾਤ ਠੀਕ ਨਹੀਂ ਹਨ। ਕਰਮਚਾਰੀਆਂ ਦੇ ਵੈਲਫੇਅਰ ਦੇ ਕੰਮ ਨਹੀਂ ਹੋ ਰਹੇ ਹਨ। ਨਵੀਂ ਭਰਤੀ ਬੰਦ ਪਈ ਹੈ। ਇਸ ਦੇ ਨਾਲ ਹੀ ਕਾਫੀ ਕੰਮ ਬਾਹਰੀ ਠੇਕੇਦਾਰਾਂ ਤੋਂ ਕਰਵਾਏ ਜਾ ਰਹੇ ਹਨ। ਜਿਸ ਦੇ ਕਾਰਨ ਰੇਲ ਕੋਚ ਫੈਕਟਰੀ ਵਿੱਚ ਬਹੁਤ ਭਰਿਸ਼ਟਾਚਾਰ ਉਭਰ ਕੇ ਸਾਹਮਣੇ ਆ ਰਿਹਾ ਹੈ। ਭਰਿਸ਼ਟਾਚਾਰ ਨੂੰ ਖਤਮ ਕਰਨ ਦੇ ਲਈ ਵਰਕਰ ਕਲੱਬ ਮੈਨੇਜਮੈਂਟ ਕਮੇਟੀ ਵਿੱਚ ਬਦਲਾਵ ਲਿਆਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਮਜ਼ਦੂਰ ਯੂਨੀਅਨ ਦੇ ਆਗੂ ਤੇ ਵਰਕਰ ਹਾਜ਼ਰ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮਲਜੀਤ, ਰਤਨ ਕੁਮਾਰ,ਗਣੇਸ਼ ਦੱਤ, ਪਰਮਿੰਦਰ ਸਿੰਘ, ਨਿਰਮਲ ਸਿੰਘ, ਅਮਰੀਕ ਸਿੰਘ,ਅਮਨਦੀਪ ਸਿੰਘ,ਰਜਿੰਦਰ ਮੀਣਾ, ਡਾਲ ਚੰਦ,ਨਮੋ ਮੀਣਾ, ਗਿਰਦਾਰੀ ਮੀਣਾ, ਰਾਮ ਕਿਸ਼ੋਰ ਮੀਣਾ, ਰਣਜੀਤ ਸਿੰਘ, ਓਮ ਪ੍ਰਕਾਸ਼, ਵੀਰ ਵਿਸ਼ਵਕਰਮਾ, ਹਰਪ੍ਰੀਤ ਸਿੰਘ,ਸ਼ੰਕਰ ਲਾਲ ਯਾਦਵ,ਹਰੀ ਕੀਰਤਨ ਸਿੰਘ, ਬਲਜਿੰਦਰ ਸਿੰਘ, ਸੰਜੀਵ ਕੁਮਾਰ,ਅਨਿਲ ਸੈਣੀ,ਹਰਵਿੰਦਰ ਸਿੰਘ ਚਮਕੀਲਾ, ਰਵੈਲ ਸਿੰਘ, ਹਿੰਮਤ ਕੁਮਾਰ, ਸੁਖਵਿੰਦਰ ਸਿੰਘ ਤਿਲਕ ਰਾਜ ਆਦਿ ਹਾਜ਼ਰ ਸਨ।

# ਜ਼ਿਲੇ ‘ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ ਸ਼ੁਰੂ, ਬੀ ਐਲ ਓਜ ਨੇ ਪਹਿਲੇ ਦਿਨ 1,01,733 ਫਾਰਮ ਵੰਡੇ

## ਸੱਤ ਵਿਧਾਨ ਸਭਾ ਹਲਕਿਆਂ ਦੇ 12,68,648 ਵੋਟਰਾਂ ਲਈ 1,563 ਬੀ.ਐਲ.ਓਜ ਲਾਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ‘ਤੇ ਅੱਜ ਜ਼ਿਲ੍ਹੇ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐਸ.ਆਈ.ਆਰ.) ਦਾ ਕੰਮ ਅੱਜ ਸ਼ੁਰੂ ਹੋ ਗਿਆ ਜਿਸ ਤਹਿਤ ਪਹਿਲੇ ਦਿਨ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ) ਨੇ ਘਰ-ਘਰ ਜਾ ਕੇ 1,01,733 ਗਣਨਾ ਫਾਰਮ ਵੰਡੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਇਹ ਪ੍ਰਕਿਰਿਆ ਜ਼ਿਲ੍ਹੇ ਦੇ ਸਾਰੇ ਸੱਤ ਵਿਧਾਨ ਸਭਾ ਹਲਕਿਆਂ ਵਿੱਚ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲੇ ਵਿਚ ਕੁੱਲ 1,563 ਬੀ.ਐਲ.ਓ. 12,68,648 ਵੋਟਰਾਂ ਤੱਕ ਪਹੁੰਚ ਕਰਨਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰੇਕ ਬੀ.ਐਲ.ਓ. ਲਗਭਗ 812 ਵੋਟਰਾਂ ਨੂੰ ਕਵਰ ਕਰੇਗਾ ਅਤੇ ਪਹਿਲੇ ਦਿਨ ਘਰ-ਘਰ ਜਾ ਕੇ 1,01,733 ਫਾਰਮਾਂ ਦੀ ਵੰਡ ਦਰਜ ਕੀਤੀ ਗਈ। ਉਨ੍ਹਾਂ ਕਿਹਾ ਕਿ ਹਰੇਕ ਬੀ.ਐਲ.ਓ. ਹਰ ਘਰ ਵਿੱਚ ਵੱਧ ਤੋਂ ਵੱਧ ਤਿੰਨ ਵਾਰ ਜਾਵੇਗਾ ਜੇਕਰ ਕੋਈ ਘਰ ਬੰਦ ਮਿਲਦਾ ਹੈ ਤਾਂ ਗਣਨਾ ਫਾਰਮ ਘਰ ਦੇ ਦਰਵਾਜ਼ੇ ’ਤੇ ਰੱਖਿਆ ਜਾਵੇਗਾ। ਹਰੇਕ ਵੋਟਰ ਨੂੰ ਪਹਿਲਾਂ ਤੋਂ ਛਪੇ ਹੋਏ ਫਾਰਮਾਂ ਦੀਆਂ ਦੋ ਕਾਪੀਆਂ



ਦਿੱਤੀਆਂ ਜਾਣਗੀਆਂ। ਵੋਟਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਅਸਲ ਫਾਰਮ ਭਰ ਕੇ ਅਗਲੀ ਫੇਰੀ ਦੌਰਾਨ ਬੀ.ਐਲ.ਓ. ਨੂੰ ਸੌਂਪਣ ਅਤੇ ਫਾਰਮ ਪ੍ਰਾਪਤ ਕਰਨ ਤੋਂ ਬਾਅਦ ਬੀ.ਐਲ.ਓ. ਪਰਚੀ ਜਾਰੀ ਕਰੇਗਾ ਜਿਹੜੀ ਕਾਪੀ ਵੋਟਰ ਕੋਲ ਰਹੇਗੀ। ਜੇਕਰ ਵੋਟਰ ਘਰ ਵਿੱਚ ਮੌਜੂਦ ਨਾ ਹੋਵੇ ਤਾਂ ਫਾਰਮ ਪਰਿਵਾਰ ਦੇ ਕਿਸੇ ਵੀ ਬਾਲਗ ਮੈਂਬਰ ਨੂੰ ਦਿੱਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਜਿਨ੍ਹਾਂ ਨੂੰ ਫਾਰਮ ਪ੍ਰਾਪਤ ਨਹੀਂ ਹੁੰਦਾ ਕਿ ਉਹ ਆਪਣੇ ਸਬੰਧਤ ਬੀ.ਐਲ.ਓ. ਨਾਲ ਦਿੱਤੇ ਗਏ ਨੰਬਰ ’ਤੇ ਸੰਪਰਕ ਕਰਨ ਜਾਂ “ਬੁੱਕ ਏ ਕਾਲ ਵਿਦ ਬੀ.ਐਲ.ਓ.” ਸਹੂਲਤ ਦੀ ਵਰਤੋਂ ਕਰਨ। ਉਨ੍ਹਾਂ ਵੋਟਰਾਂ ਨੂੰ ਈ.ਸੀ.ਆਈ. ਅਤੇ ਸੀ.ਈ.ਓ. ਪੰਜਾਬ ਦੀਆਂ ਵੈੱਬਸਾਈਟਾਂ ਅਤੇ ਈ.ਸੀ.ਆਈ.ਨੈੱਟ ਐਪ ਰਾਹੀਂ ਆਪਣਾ ਵੇਰਵਾ ਤਸਦੀਕ ਕਰਨ ਦੀ ਵੀ ਸਲਾਹ ਦਿੱਤੀ। ਵਿਧਾਨ ਸਭਾ ਹਲਕਾ-ਵਾਰ ਫਾਰਮਾਂ ਦੀ ਵੰਡ ਬਾਰੇ ਜਾਣਕਾਰੀ ਦਿੰਦਿਆਂ ਆਸ਼ਿਕਾ ਜੈਨ ਨੇ ਦੱਸਿਆ ਕਿ 39-ਮੁਕੇਰੀਆਂ ਹਲਕੇ ਵਿੱਚ 9,938 ਫਾਰਮ, 40-ਦਸੂਹਾ ਵਿੱਚ 16,564 ਫਾਰਮ ਅਤੇ 41-ਉੜਮੁੜ ਵਿੱਚ 30,636 ਫਾਰਮ ਵੰਡੇ ਗਏ। ਇਸੇ ਤਰ੍ਹਾਂ 42-ਸ਼ਾਮ ਚੁਰਾਸੀ ਵਿੱਚ 12,059 ਫਾਰਮ, 43-ਹੁਸ਼ਿਆਰਪੁਰ ਵਿੱਚ 5,485 ਫਾਰਮ ਅਤੇ 44-ਚੱਬੇਵਾਲ ਵਿੱਚ 4,992 ਫਾਰਮ ਵੰਡੇ ਗਏ। ਜਦਕਿ 45-ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਵਿੱਚ 22,059 ਫਾਰਮ ਵੰਡੇ ਗਏ। ਜ਼ਿਕਰਯੋਗ ਹੈ ਕਿ ਘਰ-ਘਰ ਜਾ ਕੇ ਗਣਨਾ ਕਰਨ ਦਾ ਇਹ ਅਭਿਆਨ 24 ਜੁਲਾਈ ਤੱਕ ਜਾਰੀ ਰਹੇਗਾ, ਜਦਕਿ ਪੋਲਿੰਗ ਸਟੇਸ਼ਨਾਂ ਦੇ ਤਰਕਸੰਗਤੀਕਰਨ ਦਾ ਕੰਮ ਵੀ 24 ਜੁਲਾਈ 2026 ਤੱਕ ਮੁਕੰਮਲ ਕੀਤਾ ਜਾਵੇਗਾ। ਵੋਟਰ ਸੂਚੀਆਂ ਦਾ ਖਰੜਾ 3 ਅਗਸਤ 2026 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਵੋਟਰ ਸੂਚੀਆਂ ਸਬੰਧੀ ਦਾਅਵੇ ਅਤੇ ਇਤਰਾਜ਼ 3 ਅਗਸਤ ਤੋਂ 2 ਸਤੰਬਰ 2026 ਤੱਕ ਜਮ੍ਹਾਂ ਕਰਵਾਏ ਜਾ ਸਕਣਗੇ, ਜਦਕਿ ਇਨ੍ਹਾਂ ਦਾ ਨਿਪਟਾਰਾ 3 ਅਗਸਤ ਤੋਂ 28 ਸਤੰਬਰ 2026 ਤੱਕ ਕੀਤਾ ਜਾਵੇਗਾ। ਅੰਤਿਮ ਵੋਟਰ ਸੂਚੀਆਂ 1 ਅਕਤੂਬਰ 2026 ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

# ਪਿੰਡ ਮਹਿੰਦਪੁਰ ਵਿਖੇ 43 ਲੱਖ ਦੀ ਲਾਗਤ ਵਾਲੇ ‘ਮੁੱਖ ਮੰਤਰੀ ਖੇਡ ਸਟੇਡੀਅਮ’ ਦਾ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਉਦਘਾਟਨ

**ਬਲਾਚੌਰ, 25 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਅਤੇ ਸੂਬੇ ਨੂੰ ‘ਨਸ਼ਾ ਮੁਕਤ’ ਬਣਾਉਣ ਦੇ ਮਕਸਦ ਨਾਲ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਵੱਲੋਂ ਅੱਜ ਪਿੰਡ ਮਹਿੰਦਪੁਰ ਵਿਖੇ 42.46 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ‘ਮੁੱਖ ਮੰਤਰੀ ਖੇਡ ਸਟੇਡੀਅਮ’ ਦਾ ਰਸਮੀ ਉਦਘਾਟਨ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਇਹ ਖੇਡ ਸਟੇਡੀਅਮ ਇਲਾਕੇ ਦੇ ਨੌਜਵਾਨਾਂ ਲਈ ਇੱਕ ਅਹਿਮ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਕਿਹਾ, “ਸਾਡਾ ਮੁੱਖ ਮਕਸਦ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਤੋਂ ਦੂਰ ਕਰਕੇ ਖੇਡ ਮੈਦਾਨਾਂ ਨਾਲ ਜੋੜਨਾ ਹੈ, ਤਾਂ ਜੋ ਉਹ ਆਪਣੀ ਮਿਹਨਤ ਨਾਲ ਦੇਸ਼ ਅਤੇ ਦੁਨੀਆ ਭਰ ਵਿੱਚ ਸੂਬੇ ਦਾ ਨਾਂ ਰੌਸ਼ਨ ਕਰ ਸਕਣ।” ਉਨ੍ਹਾਂ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਖੇਡਾਂ ਦੇ ਵਿਕਾਸ



ਲਈ ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ।

*ਸਾਡੀ ਜਵਾਨੀ ਨੂੰ ਸਹੀ ਦਿਸ਼ਾ ਦੇਣਾ ਹੀ ਮੁੱਖ ਟੀਚਾ: ਅਸ਼ੋਕ ਕਟਾਰੀਆ*

ਇਸ ਮੌਕੇ ਸੀਨੀਅਰ ‘ਆਪ’ ਆਗੂ ਅਸ਼ੋਕ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਿੰਡਾਂ ਵਿੱਚ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਖਿਡਾਰੀਆਂ ਵਿੱਚ ਬਹੁਤ ਪ੍ਰਤਿਭਾ ਹੈ, ਜਿਸ ਨੂੰ ਲੋੜੀਂਦੇ ਬੁਨਿਆਦੀ ਢਾਂਚੇ ਦੀ ਲੋੜ ਸੀ। ਇਹ ਸਟੇਡੀਅਮ ਉਸੇ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ।

*ਖੇਡਾਂ ਨਾਲ ਸਮਾਜਿਕ ਬੁਰਾਈਆਂ ਦਾ ਖਾਤਮਾ ਹੋਵੇਗਾ: ਕਰਨਵੀਰ ਕਟਾਰੀਆ*

ਹਲਕਾ ਯੂਥ ਪ੍ਰਧਾਨ ਕਰਨਵੀਰ ਕਟਾਰੀਆ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਯੂਥ ਵਿੰਗ ਦਾ ਪੂਰਾ ਜ਼ੋਰ ਨੌਜਵਾਨਾਂ ਨੂੰ ਖੇਡਾਂ ਅਤੇ ਸਕਾਰਾਤਮਕ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ 'ਤੇ ਹੈ। ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨ ਖੇਡਾਂ ਨਾਲ ਜੁੜੇ ਰਹਿਣਗੇ ਤਾਂ ਉਹ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਆਪਣੇ-ਆਪ ਦੂਰ ਰਹਿਣਗੇ।

ਇਸ ਉਦਘਾਟਨੀ ਸਮਾਰੋਹ ਦੌਰਾਨ ਪਿੰਡ ਦੀ ਗ੍ਰਾਮ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਵੱਲੋਂ ਵਿਧਾਇਕਾ ਕਟਾਰੀਆ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਸਰਪੰਚ ਸੁਖਵਿੰਦਰ ਕੌਰ ਨਾਗਰਾ, ਜੋਗਾ ਸਿੰਘ ਨਾਗਰਾ, ਰਛਪਾਲ ਸਿੰਘ ਮੰਡੇਰ ਹਲਕਾ ਪ੍ਰਧਾਨ ਕਿਸਾਨ ਵਿੰਗ , ਅਰਸ਼ਦੀਪ ਸਿੰਘ ਜੇ ਈ , ਬਲਜਿੰਦਰ ਕੌਰ (ਪੰਚ), ਚਰਨਜੀਤ ਸਿੰਘ ਸੈਭੀ, ਹਰਵਿੰਦਰ ਸਿੰਘ ਖਾਲਸਾ, ਸਤਨਾਮ ਸਿੰਘ, ਪੰਚ ਗਿਆਨ ਸਿੰਘ, ਮਾਸਟਰ ਗਿਆਨ ਸਿੰਘ, ਗੁਰਬਚਨ ਸਿੰਘ, ਜਗਮੋਹਨ ਸਿੰਘ ਨਾਗਰਾ, ਜਸਵਿੰਦਰ ਸਿੰਘ ਬੈਂਸ ਅਤੇ ਗੁਰਪਾਲ ਕੌਰ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਨੇ ਔਰਤਾਂ ਦੀ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ (ਯੂ.ਕੇ.) ਨੇ ਸਥਾਨਕ ਗੁਰਦੁਆਰਾ ਸਾਹਿਬ ਦੇ ਬਾਬਾ ਬਚਿੱਤਰ ਸਿੰਘ ਹਾਲ ਵਿਖੇ ਇੱਕ ਵਿਸ਼ੇਸ਼ ਮੁਫ਼ਤ ਸਿਹਤ ਜਾਂਚ ਕੈਂਪ ਦਾ ਆਯੋਜਨ ਕੀਤਾ। ਇਹ ਕੈਂਪ ਮੁੱਖ ਤੌਰ 'ਤੇ ਪ੍ਰੀਤ ਨਗਰ ਦੀਆਂ ਔਰਤਾਂ ਦੀ ਸਿਹਤ ਭਲਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਲਗਾਇਆ ਗਿਆ ਸੀ, ਅਤੇ ਵੱਡੀ ਗਿਣਤੀ ਵਿੱਚ ਸਥਾਨਕ ਔਰਤਾਂ ਨੇ ਆ ਕੇ ਸਿਹਤ ਜਾਂਚ ਵੀ ਕਰਵਾਈ। ਇਹ ਕੈਂਪ ਟਰੱਸਟ ਦੇ ਗਲੋਬਲ ਪ੍ਰਧਾਨ, ਰਣਜੀਤ ਸਿੰਘ ਅਤੇ ਇੰਡੀਅਨ ਚੈਪਟਰ ਦੇ ਪ੍ਰਧਾਨ, ਜੇ.ਐਸ. ਆਹਲੂਵਾਲੀਆ ਦੀ ਅਗਵਾਈ ਹੇਠ ਅਤੇ ਵਰਿੰਦਰ ਪਰਿਹਾਰ ਦੀ ਯੋਗ ਅਗਵਾਈ ਹੇਠ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਕੈਂਪ ਦੌਰਾਨ, ਪ੍ਰੀਤ ਨਗਰ ਦੀਆਂ ਔਰਤਾਂ ਦੇ ਵੱਖ-ਵੱਖ ਸਿਹਤ ਮੁੱਦਿਆਂ ਨੂੰ ਸੰਬੋਧਿਤ ਕੀਤਾ ਗਿਆ। ਕੈਂਪ ਦੀ ਇੱਕ ਮੁੱਖ ਵਿਸ਼ੇਸ਼ਤਾ ਪੂਰੇ ਸਰੀਰ ਦੀ ਜਾਂਚ ਅਤੇ ਆਮ ਸਿਹਤ ਜਾਂਚ ਸੀ। ਸਿਹਤ ਜਾਂਚ ਤੋਂ ਬਾਅਦ, ਟਰੱਸਟ ਨੇ ਲੋੜਵੰਦ ਔਰਤਾਂ ਨੂੰ ਮੁਫ਼ਤ ਦਵਾਈਆਂ ਵੀ ਪ੍ਰਦਾਨ ਕੀਤੀਆਂ।




ਟਰੱਸਟ ਦੇ ਅਧਿਕਾਰੀਆਂ ਨੇ ਦੱਸਿਆ ਕਿ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਨੇ ਹਮੇਸ਼ਾ ਪ੍ਰੀਤ ਨਗਰ ਦੇ ਲੋਕਾਂ ਦੀ ਭਲਾਈ ਅਤੇ ਸਮਾਜਿਕ ਸੁਧਾਰ ਨੂੰ ਉਤਸ਼ਾਹਿਤ ਕਰਨ ਲਈ ਕਦਮ ਚੁੱਕੇ ਹਨ। ਡਾਇਰੈਕਟਰ ਕੋਆਰਡੀਨੇਟਰ ਸਿਮਰਨ ਕੌਰ ਨੇ ਕਿਹਾ ਕਿ ਔਰਤਾਂ ਦੀ ਸਿਹਤ ਪੂਰੇ ਪਰਿਵਾਰ ਦੀ ਭਲਾਈ ਦੀ ਨੀਂਹ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਟਰੱਸਟ ਭਵਿੱਖ ਵਿੱਚ ਪ੍ਰੀਤ ਨਗਰ ਦੇ ਲੋਕਾਂ ਦੇ ਲਾਭ ਲਈ ਅਜਿਹੇ ਮੁਫ਼ਤ ਮੈਡੀਕਲ ਅਤੇ ਸਿਹਤ ਕੈਂਪਾਂ ਦਾ ਆਯੋਜਨ ਕਰਦਾ ਰਹੇਗਾ।

# ਨਾ ਤੇਰੀ ਨਾ ਮੇਰੀ



ਹੋਈਆਂ ਪੜ੍ਹਨ ਲਿਖਣ ਵਿੱਚ ਅੱਗੇ ,
ਤਾਂ ਹੀ ਪਿਆਰੀਆਂ ਜਾਂਦੀਆਂ ਨੇ ।
ਬਾਕੀ ਖੇਤਰਾਂ ਵਿੱਚ ਵੀ ਚੰਗੀਆਂ ,
ਮੱਲਾਂ ਮਾਰੀਆਂ ਜਾਂਦੀਆਂ ਨੇ ।
ਅੱਜ ਕੱਲ੍ਹ ਮਾਂ ਪਿਓ ਹੋਏ ਸਿਆਣੇ ,
ਧੀਆਂ ਨੂੰ ਚਿੜੀਆਂ 'ਨੀਂ ਕਹਿੰਦੇ ;
ਕਦੇ ਸੀ ਦੁਰਕਾਰੀਆਂ ਜਾਂਦੀਆਂ ,
ਹੁਣ ਸਤਿਕਾਰੀਆਂ ਜਾਂਦੀਆਂ ਨੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
**99148366037**

# ਚੁੱਪ

ਚੁੱਪ ਰਹਿ ਕੇ ਵੀ ਦਿਲ ਦੇ ਅੰਦਰ ਸ਼ੋਰ ਜਿਹਾ ਰਹਿੰਦਾ ਹੈ,
ਝੂਠ ਦਾ ਹਲਕਾ -ਭਾਰਾ ਹੁਣ ਤਾਂ ਬੋਝ ਜਿਹਾ ਰਹਿੰਦਾ ਹੈ।

ਝੂਠ ਬੋਲ ਕੇ ਪਲ ਭਰ ਨੂੰ ਅਸਾਂ ਬਚ ਤਾਂ ਜਾਂਦੇ ਹਾਂ,
ਰੂਹ ਦੇ ਅੰਦਰ ਫਿਰ ਇੱਕ ਸੱਚ ਰੋਸ ਜਿਹਾ ਰਹਿੰਦਾ ਹੈ।

ਸੱਚੀਆਂ ਗੱਲਾਂ ਸਭ ਨੂੰ ਬਹੁਤ ਸੋਹਣੀਆਂ ਲੱਗਦੀਆਂ ਨੇ,
ਸੱਚ ਤੇ ਤੁਰਨਾ ਕਿੰਨਾ ਔਖਾ,ਹੁਣ ਹੋਸ਼ ਜਿਹਾ ਰਹਿੰਦਾ ਹੈ।

ਡਰ ਦੇ ਸਾਏ ਹੇਠਾਂ ਕਿੰਨੇ ਲਫ਼ਜ਼ ਮਰ ਮੁਕਾਏ ਜਾਂਦੇ ਨੇ ,
ਬੁੱਲ੍ਹਾਂ ਉੱਤੇ ਚੁੱਪ ਦਾ ਪਹਿਰਾ ਹਰ ਰੋਜ਼ ਜਿਹਾ ਰਹਿੰਦਾ ਹੈ।

ਹਰ ਇਕ ਬੰਦਾ ਆਪਣੇ ਆਪ ਨਾਲ ਲੜਦਾ ਫਿਰਦਾ ਹੈ,
ਬਾਹਰ ਭਾਵੇਂ ਹਾਸਾ ਹੋਵੇ, ਅੰਦਰ ਅਫਸੋਸ ਜਿਹਾ ਰਹਿੰਦਾ ਹੈ।

ਇੱਕ ਦਿਨ ਫਿਰ ਵੀ ਹਿੰਮਤ ਕਰਕੇ ਅਸਾਂ ਸੱਚ ਵੀ ਬੋਲਾਂਗੇ,
ਦਿਲ ਚ ਇਹੀ ਉਮੀਦ ਦਾ ਇੱਕ ਜੋਸ਼ ਜਿਹਾ ਰਹਿੰਦਾ ਹੈ।

**ਡਾ ਬਲਜਿੰਦਰ ਕੁਮਾਰ ਕੰਬੋਜ**
**ਲੁਧਿਆਣਾ।**
**ਮੋ:-947847596**

# ਸਮਾਂ

ਸਮੇਂ ਦੀ ਨਿਰੰਤਰ ਚਾਲ ਨਾ ਕਦੇ ਇਹ ਰੁੱਕਦੀ
ਸਮਾਂ ਬੀਤਦਾ ਲੇਖਾ ਦੀ ਸਿਆਹੀ ਨਾ ਸੁੱਕਦੀ।

ਜੀਵਨ ਪੰਧ ਤੇ ਵਕਤ ਦਾ ਪੱਕਾ ਪਹਿਰਾ
ਦੁੱਖ ਸੁੱਖ ਦਾ ਸਮੇਂ ਨਾਲ ਹੁੰਦਾ ਮੋਹ ਗਹਿਰਾ॥

ਨਾ ਰਾਜਿਆਂ ਮਹਾਰਾਜਿਆਂ ਨੇ ਵਕਤ ਬੰਨਿਆਂ
ਨਾ ਰੰਕਾਂ ਨੇ ਕਾਲ ਰੂਪ ਸਮੇਂ ਦਾ ਗੜ੍ਹ ਭੰਨਿਆਂ।

ਹਰ ਪਦਾਰਥ ਦੀ ਉਤਪਤੀ ਦਾ ਸਮਾਂ ਹੈ ਤੈਅ
ਮੌਤ ਦੀ ਤਾਲ ਦੀ ਸਮੇਂ ਨਾਲ ਹੁੰਦੀ ਪੂਰੀ ਲੈਅ॥

ਸਮੇਂ ਨੇ ਦੁਸ਼ਮਣਾਂ ਨੂੰ ਧੁਰ ਦਰਗਾਹ ਪਹੁੰਚਾਇਆ
ਸੱਜਣਾਂ ਦੇ ਜੀਵਨ ਦਾ ਬਲਦਾ ਦੀਪਕ ਬੁਝਾਇਆ।

ਸਮੇਂ ਨੇ ਸਮੇਂ ਨੂੰ ਨੂੜ ਆਪਣਾ ਦਾਸ ਬਣਾਇਆ
ਸਮੇਂ ਦੇ ਗਰਭ ਵਿੱਚ ਆਦਿ ਅੰਤ ਦਾ ਸਮਾਂ ਸਮਾਇਆ॥

ਘੜੀਆਂ ਬੀਤਦੀਆਂ ਦਿਨ ਬਣ ਗਈਆਂ ਬੀਤ
ਦਿਨ ਬਣੇ ਹਫ਼ਤੇ, ਹਫ਼ਤੇ ਮਹੀਨੇ ਮੁੜ ਇਹੀ ਰੀਤ।

ਮਹੀਨਿਆਂ ਦੇ ੧੨ ਅੰਕਾਂ ਨਾਲ ਬਣੇ ਧਰਤ ਦਾ ਸਾਲ
ਵੇਲਾ ਸਾਂਭ ਕਰ ਬੰਦਗੀ ਚੜ੍ਹਦਾ ਆਉਂਦਾ ਕਾਲ॥

# ਸ਼ਸਤਰ

ਜ਼ੁਲਮਾਂ ਦੇ ਝੁੱਲਦੇ ਝੱਖੜਾਂ ਨੂੰ ਜੋ ਠੱਲ੍ਹੇ
ਹੋਣੀ ਦੇ ਸਨਮੁੱਖ ਬਣ ਕਾਲ ਚੱਲ੍ਹੇ।

ਸ਼ਸਤਰਾਂ ਨੂੰ ਸਤਿਕਾਰਿਆ ਆਖ ਕੱਕਾਰ
ਗੁਰੂ ਸਾਹਿਬ ਧਾਰਿਆ ਬਣਾ ਸ਼ਿੰਗਾਰ

ਆਤਮ ਰੱਖਿਆ ਬਿਨ ਸ਼ਸਤਰ ਸੱਖਣੀ
ਜਦ ਹੁੰਦਾ ਹੱਥ ਕਾਲ ਆਖੇ ਰੱਤ ਚੱਖਣੀ।

ਮਜ਼ਲੂਮਾਂ ਖਾਤਰ ਬਣ ਜਾਂਦਾ ਇਹ ਮਾਣ
ਨਿਹੱਥੇ ਤੇ ਨਾ ਤਾਣੇ ਮਰਦ ਦੀ ਪਹਿਚਾਣ॥

ਕਾਲਯੁੱਗ ਵਿੱਚ ਸ਼ਸਤਰ ਦਾ ਗੂੰਜੇ ਜੈਕਾਰਾ
ਸ਼ਸਤਰ ਵਿੱਚ ਸਮਾਇਆ ਬ੍ਰਹਿਮੰਡ ਸਾਰਾ।

ਸ਼ਸਤਰਾਂ ਨੂੰ ਗੁਰੂ ਸਾਹਿਬ ਬਣਾਇਆ ਪੀਰ
ਮੌਤ ਬਾਅਦ ਸ਼ਸਤ੍ਰ ਛੱਡਦੇ ਸੱਚੇ ਸੂਰਬੀਰ॥

ਦਸ ਲੱਖ ਦੀ ਫ਼ੌਜ ਮੂਹਰੇ ਸ਼ਸਤਰ ਅੜ੍ਹਦੇ
ਨਾ ਕਦੇ ਹਰਦੇ ਜੋ ਸ਼ਸਤਰ ਮਹਿਮਾ ਪੜ੍ਹਦੇ।

ਸ਼ਸਤਰਾਂ ਨੂੰ ਸਾਧੂ ਸੰਤਾਂ ਨੇ ਹੈ ਵਡਿਆਇਆ
ਸ਼ਸਤਰਾਂ ਵਿੱਚ ਹੀ ਅਕਾਲ ਨੂੰ ਪਾਇਆ॥



**ਡਾ.(ਆਨਰੇਰੀ )ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**


# ਟੱਪੇ

ਤੱਤੇ ਤਵੇ ਤੇ ਪੱਕੇ ਰੋਟੀ,
ਪੁੱਤ ਨੂੰ ਨਸ਼ਿਆਂ ਤੋਂ ਰੋਕਣ ਲਈ
ਪਿਉ ਨੇ ਚੁੱਕ ਲਈ ਸੋਟੀ।
ਆਕਾਸ਼ 'ਚ ਚੰਨ ਪਿਆ ਚਮਕੇ,
ਪਿਉ ਦੀ ਜਾਇਦਾਦ ਬਦਲੇ
ਪੁੱਤਾਂ 'ਚ ਲੜਾਈ ਹੋਈ ਜੰਮ ਕੇ।
ਕੋਠੇ ਤੇ ਕਾਂ, ਕਾਂ ਕਾਂ ਕਰੇ,
ਦੁਨੀਆਂ ਉਸ ਨੂੰ ਯਾਦ ਰੱਖਦੀ
ਜੋ ਦੇਸ਼ ਦੀ ਖਾਤਰ ਮਰੇ।
ਥਾਲੀ ਵਿੱਚ ਪਤਾਸਾ ਏ,
ਕਿਸੇ ਨੂੰ ਮੁਸੀਬਤ 'ਚ ਵੇਖ ਕੇ
ਖੋਰੇ ਲੋਕਾਂ ਨੂੰ ਕਿਉਂ ਆਵੇ ਹਾਸਾ।
ਤਹਿ ਲੱਗੀ ਏ ਕਿਤਾਬਾਂ ਦੀ,
ਘਰ ਤੇਰੇ ਭੰਗ ਭੁੱਜਦੀ
ਤੇਰੇ ਅੱਗ ਲੱਗੀ ਸ਼ਰਾਬਾਂ ਦੀ।
ਰੜਕਾ ਹੋਇਆ ਏ ਤੀਲਾ, ਤੀਲਾ,
ਉੱਠ ਕੇ ਕੋਈ ਕੰਮ ਕਰ ਬੱਲਿਆ
ਤੇਰੇ ਚਿਹਰੇ ਦਾ ਰੰਗ ਹੋਇਆ ਏ ਪੀਲਾ।
ਧੁੱਪ ਨਾਲ ਮਾੜਾ ਹਾਲ ਹੋ ਰਿਹਾ ਰੁੱਖਾਂ ਦਾ,
ਇੱਕ ਦਿਨ ਸਮਾਂ ਜ਼ਰੂਰ ਆਏਗਾ
ਜਦ ਅੰਤ ਹੋ ਜਾਏਗਾ ਕਾਮੇ ਦੇ ਦੁੱਖਾਂ ਦਾ।



**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ-**
**144526**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ**
**ਫੋਨ 9915803554**

# ਜਨਮ ਦਿਨ ਮੁਬਾਰਕ



**ਨਾਮ : ਨੈਨਾ**
**ਪਿਤਾ : ਰਾਜੇਸ਼,**
**ਮਾਤਾ : ਸੰਜਨਾ**
**ਪਤਾ ਲੁਧਿਆਣਾ ।**

# ਵਰੇਂਗੰਢ ਮੁਬਾਰਕ



ਰਜਿੰਦਰ ਸਿੰਘ ਪਤਨੀ
ਜਗਜੀਤ ਕੌਰ ਬਲਾਚੌਰ ਨੇ
ਆਪਣੇ ਵਿਆਹ ਦੀ 38ਵੀਂ
ਵਰੇਂਗੰਢ ਮਨਾਈ
ਫੋਟੋ ਦਾ ਵੇਰਵਾ ਪੱਤਰਕਾਰ
ਜਤਿੰਦਰ ਪਾਲ ਸਿੰਘ ਕਲੇਰ
ਨਵਾਂਸ਼ਹਿਰ

# ਸੂਬੇ ਦੇ ਸੁਨਹਿਰੀ ਭਵਿੱਖ ਅਤੇ ਭਾਈਚਾਰਕ ਸਾਂਝ ਦੀ ਬਹਾਲੀ ਲਈ 'ਪੰਜਾਬ ਸੰਭਾਲੋ ਮੁਹਿੰਮ' ਨੂੰ ਘਰ-ਘਰ ਪਹੁੰਚਾਉਣ ਦਾ ਪਵਿੱਤਰ ਹੋਕਾ: ਰਾਮ ਜੀ ਗੌਤਮ, ਬਿਪਲ ਕੁਮਾਰ, ਡਾਕਟਰ ਅਵਤਾਰ ਸਿੰਘ ਕਰੀਮਪੁਰੀ









**ਸੰਗਰੂਰ, 25 ਜੂਨ(ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਵੱਲੋਂ ਜਥੇਬੰਦਕ ਗੰਭੀਰਤਾ, ਸੰਜੀਦਗੀ ਅਤੇ ਆਉਣ ਵਾਲੀਆਂ ਚੋਣਾਂ ਦੀਆਂ ਤਿਆਰੀਆਂ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਸੰਗਰੂਰ ਦੇ ਸੰਗਠਨ ਦਾ ਲੇਖਾ-ਜੋਖਾ ਕਰਨ ਲਈ ਇੱਕ ਵਿਸ਼ੇਸ਼ ਅਤੇ ਅਹਿਮ ਜ਼ਿਲ੍ਹਾ ਪੱਧਰੀ ਸਮੀਕਸ਼ਾ ਬੈਠਕ ਦਾ ਆਯੋਜਨ ਕੀਤਾ ਗਿਆ।
ਇਸ ਉੱਚ-ਪੱਧਰੀ ਬੈਠਕ ਵਿੱਚ ਬੂਥ ਪੱਧਰ ਤੱਕ ਸੰਗਠਨ ਦਾ ਪੁਨਰਗਠਨ ਕਰਨ, ਪਾਰਟੀ ਦੇ ਆਧਾਰ ਨੂੰ ਜ਼ਮੀਨੀ ਪੱਧਰ 'ਤੇ ਅਜਿੱਤ ਬਣਾਉਣ ਅਤੇ ਪੰਜਾਬ ਵਿੱਚ ਬਸਪਾ ਦੀ ਅਗਵਾਈ ਵਾਲੀ ਲੋਕ-ਪੱਖੀ ਸਰਕਾਰ ਬਣਾਉਣ ਲਈ ਸਮੁੱਚੀ ਲੀਡਰਸ਼ਿਪ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਗਈਆਂ।
ਇਸ ਅਹਿਮ ਜਥੇਬੰਦਕ ਕਾਰਜ ਵਿੱਚ ਮੁੱਖ ਮਹਿਮਾਨ ਵਜੋਂ ਇੰਜਨੀਅਰ ਰਾਮ ਜੀ ਗੌਤਮ (ਮੁੱਖ ਸੈਕਟਰ ਪ੍ਰਭਾਰੀ ਇੰਚਾਰਜ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਮਹਾਰਾਸ਼ਟਰ) ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਬਿਪਲ ਕੁਮਾਰ (ਕੇਂਦਰੀ ਪ੍ਰਭਾਰੀ ਬਹੁਜਨ ਸਮਾਜ ਪਾਰਟੀ, ਪੰਜਾਬ) ਹਾਜ਼ਰ ਹੋਏ। ਬੈਠਕ ਦੀ ਪ੍ਰਧਾਨਗੀ ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਵੱਲੋਂ ਕੀਤੀ ਗਈ

**ਵਿਰੋਧੀ ਪਾਰਟੀਆਂ ਦੀਆਂ ਨਾਕਾਮੀਆਂ ਕਾਰਨ ਹੋਇਆ ਪੰਜਾਬ ਦਾ ਉਜਾੜਾ: ਮੁੱਖ ਬੁਲਾਰੇ**

ਬੈਠਕ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਇੰਜਨੀਅਰ ਰਾਮ ਜੀ ਗੌਤਮ, ਕੇਂਦਰੀ ਪ੍ਰਭਾਰੀ ਸ੍ਰੀ ਬਿਪਲ ਕੁਮਾਰ, ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਅਤੇ ਵਿਧਾਇਕ ਡਾਕਟਰ ਨਛੱਤਰ ਪਾਲ ਨੇ ਸਾਂਝੇ ਤੌਰ 'ਤੇ ਆਖਿਆ ਕਿ ਮੌਜੂਦਾ ਸਮੇਂ ਪੰਜਾਬ ਬੇਹੱਦ ਗੰਭੀਰ ਦੌਰ ਅਤੇ ਸਰਵਪੱਖੀ ਮੰਦਹਾਲੀ ਵਿੱਚੋਂ ਲੰਘ ਰਿਹਾ ਹੈ। ਵਿਰੋਧੀ ਸਿਆਸੀ ਪਾਰਟੀਆਂ ਦੀਆਂ ਗਲਤ ਅਤੇ ਸਵਾਰਥੀ ਨੀਤੀਆਂ ਕਾਰਨ ਸੂਬੇ ਦਾ ਜੋ ਉਜਾੜਾ ਹੋਇਆ ਹੈ, ਉਸ ਵਿੱਚੋਂ ਪੰਜਾਬ ਨੂੰ ਕੱਢ ਕੇ ਖੁਸ਼ਹਾਲੀ, ਅਮਨ-ਕਾਨੂੰਨ ਅਤੇ ਉਜਾਲੇ ਵੱਲ ਸਿਰਫ਼ ਬਹੁਜਨ ਸਮਾਜ ਪਾਰਟੀ ਹੀ ਲੈ ਕੇ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਬਸਪਾ ਪੰਜਾਬ ਵਿੱਚ ਅਗਲੀ ਸਰਕਾਰ ਬਣਾਉਣ ਲਈ ਪੂਰੀ ਸੰਜੀਦਗੀ, ਦ੍ਰਿੜਤਾ ਅਤੇ ਯੋਜਨਾਬੱਧ ਤਰੀਕੇ ਨਾਲ ਮੈਦਾਨ ਵਿੱਚ ਨਿੱਤਰ ਚੁੱਕੀ ਹੈ।

**'ਪੰਜਾਬ ਸੰਭਾਲੋ ਮੁਹਿੰਮ' ਦੇ ਮੁੱਖ ਉਦੇਸ਼ ਅਤੇ ਲੋਕ-ਪੱਖੀ ਮੁੱਦੇ:**

ਸੀਨੀਅਰ ਲੀਡਰਸ਼ਿਪ ਨੇ ਸਮੂਹ ਪੰਜਾਬੀਆਂ ਨੂੰ ਜ਼ੋਰਦਾਰ ਸੱਦਾ ਦਿੰਦਿਆਂ ਅਪੀਲ ਕੀਤੀ ਕਿ ਉਹ ਪੰਜਾਬ ਦੇ ਸੁਨਹਿਰੀ ਤੇ ਸੁਰੱਖਿਅਤ ਭਵਿੱਖ ਲਈ ਪਾਰਟੀ ਦੀ 'ਪੰਜਾਬ ਸੰਭਾਲੋ ਮੁਹਿੰਮ' ਦੇ ਦੂਰ-ਅੰਦੇਸ਼ੀ ਸੰਕਲਪ ਨਾਲ ਵੱਧ ਤੋਂ ਵੱਧ ਜੁੜਨ।
ਇਸ ਮੁਹਿੰਮ ਦੇ ਮੁੱਖ ਮੁੱਦਿਆਂ 'ਤੇ ਰੌਸ਼ਨੀ ਪਾਉਂਦਿਆਂ ਆਗੂਆਂ ਨੇ ਕਿਹਾ:

ਭਾਈਚਾਰਕ ਸਾਂਝ ਅਤੇ ਸਮਾਜਿਕ ਅਣਖ: ਪੰਜਾਬ ਦੀ ਪਵਿੱਤਰ ਧਰਤੀ 'ਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਅਤੇ ਹਰ ਵਰਗ ਦੀ ਸਮਾਜਿਕ ਅਣਖ ਤੇ ਸਨਮਾਨ ਨੂੰ ਬਹਾਲ ਕਰਨਾ ਬਸਪਾ ਦਾ ਮੁੱਖ ਮਕਸਦ ਹੈ।

ਨਸ਼ਾ-ਮੁਕਤੀ ਅਤੇ ਰੁਜ਼ਗਾਰ: ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਸਨਮਾਨਜਨਕ ਰੁਜ਼ਗਾਰ ਦੇਣਾ ਅਤੇ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਹੋ ਰਹੇ ਪਲਾਇਨ (ਬ੍ਰੇਨ ਡਰੇਨ) ਨੂੰ ਨੱਥ ਪਾਉਣਾ।

ਅਮਨ-ਕਾਨੂੰਨ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ: ਦਿਨ-ਬ-ਦਿਨ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਨੂੰ ਸੁਧਾਰ ਕੇ ਸੁਰੱਖਿਅਤ ਮਾਹੌਲ ਸਿਰਜਣਾ ਅਤੇ ਭ੍ਰਿਸ਼ਟਾਚਾਰ ਮੁਕਤ, ਲੋਕ-ਪੱਖੀ ਸ਼ਾਸਨ ਮੁਹੱਈਆ ਕਰਵਾਉਣਾ।

ਵਾਂਝੇ ਵਰਗਾਂ ਦੇ ਹੱਕਾਂ ਦੀ ਰਾਖੀ: ਦਲਿਤਾਂ, ਪਿਛੜਿਆਂ, ਕਿਸਾਨਾਂ ਅਤੇ ਗਰੀਬਾਂ ਨੂੰ ਸਿੱਖਿਆ, ਸਿਹਤ ਅਤੇ ਆਰਥਿਕ ਪੱਧਰ 'ਤੇ ਮਜ਼ਬੂਤ ਕਰਕੇ ਬਾਬਾਸਾਹਿਬ ਡਾ. ਬੀ.ਆਰ. ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸੁਪਨਿਆਂ ਦਾ 'ਬਹੁਜਨ ਰਾਜ' ਸਥਾਪਿਤ ਕਰਨਾ।

"ਇਹ ਮੁਹਿੰਮ ਸਿਰਫ਼ ਇੱਕ ਸਿਆਸੀ ਚੋਣ ਪ੍ਰਚਾਰ ਨਹੀਂ, ਸਗੋਂ ਪੰਜਾਬ ਦੀ ਅਣਖ, ਕਿਸਾਨੀ, ਜਵਾਨੀ ਅਤੇ ਸਰਵਪੱਖੀ ਵਿਕਾਸ ਨੂੰ ਬਚਾਉਣ ਦਾ ਇੱਕ ਪਵਿੱਤਰ ਅਤੇ ਇਤਿਹਾਸਕ ਹੋਕਾ ਹੈ।" — ਬਸਪਾ ਲੀਡਰਸ਼ਿਪ

**ਸੰਗਠਨ ਦੀ ਬਾਰੀਕੀ ਨਾਲ ਸਮੀਖਿਆ ਅਤੇ ਵਰਕਰਾਂ ਦਾ ਪ੍ਰਣ:**

ਬੈਠਕ ਦੌਰਾਨ ਸੰਗਰੂਰ ਜ਼ਿਲ੍ਹੇ ਦੇ ਜਥੇਬੰਦਕ ਢਾਂਚੇ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਵਰਕਰਾਂ ਵਿੱਚ ਨਵੀਂ ਸਿਆਸੀ ਰੂਹ ਫੂਕਦਿਆਂ ਐਲਾਨ ਕੀਤਾ ਗਿਆ ਕਿ ਬੂਥ ਪੱਧਰ ਤੱਕ ਸੰਗਠਨ ਨੂੰ ਇੰਨਾ ਫੌਲਾਦੀ ਅਤੇ ਮਜ਼ਬੂਤ ਕਰ ਦਿੱਤਾ ਜਾਵੇਗਾ ਕਿ ਵਿਰੋਧੀ ਪਾਰਟੀਆਂ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਣਗੇ। ਇਸ ਸਮੀਕਸ਼ਾ ਬੈਠਕ ਦੌਰਾਨ ਸੰਗਠਨ ਦੇ ਪਿਛਲੇ ਕੰਮਾਂ ਦਾ ਲੇਖਾ-ਜੋਖਾ ਕਰਦਿਆਂ ਹਾਜ਼ਰ ਸੀਨੀਅਰ ਆਗੂਆਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਵਿੱਚ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।
ਬੈਠਕ ਦੇ ਅਖੀਰ ਵਿੱਚ ਸੰਗਰੂਰ ਜ਼ਿਲ੍ਹੇ ਦੇ ਸਮੂਹ ਅਹੁਦੇਦਾਰਾਂ ਅਤੇ ਉਤਸ਼ਾਹੀ ਵਰਕਰਾਂ ਨੇ ਹੱਥ ਖੜ੍ਹੇ ਕਰਕੇ ਪੂਰੀ ਸੰਜੀਦਗੀ ਨਾਲ ਪ੍ਰਣ ਲਿਆ ਕਿ ਉਹ 'ਪੰਜਾਬ ਸੰਭਾਲੋ ਮੁਹਿੰਮ' ਦੇ ਸੁਨੇਹੇ ਨੂੰ ਜ਼ਿਲ੍ਹੇ ਦੇ ਹਰ ਘਰ-ਘਰ ਤੱਕ ਪਹੁੰਚਾਉਣਗੇ ਅਤੇ ਬੂਥ ਪੱਧਰ 'ਤੇ ਪਾਰਟੀ ਦਾ ਨੀਲਾ ਪਰਚਮ ਬੁਲੰਦ ਕਰਕੇ ਪੰਜਾਬ ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਦਿਨ-ਰਾਤ ਇੱਕ ਕਰ ਦੇਣਗੇ। ਇਸ ਮੌਕੇ ਪਾਰਟੀ ਲੀਡਰਸ਼ਿਪ, ਵਰਕਰ ਅਤੇ ਸਮਰਥਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ ਆਲੂਕ ਮੀਟਿੰਗ ਨੂੰ ਪਾਰਟੀ ਦੇ ਸਟੇਟ ਕੋਆਰਡੀਨੇਟਰ ਪਰਜਾਪਤੀ ਅਜੀਤ ਸਿੰਘ ਭੈਣੀ ਨੇ ਵੀ ਸੰਬੋਧਨ ਕੀਤਾ ਇਸ ਮੌਕੇ ਤੇ ਪਾਰਟੀ ਦੇ ਜੋਨ ਕੁਆਰਡੀਨੇਟਰ ਮਾਸਟਰ ਅਮਰਜੀਤ ਸਿੰਘ ਜਲੂਰ ਲੋਕ ਸਭਾ ਇੰਚਾਰਜ ਡਾਕਟਰ ਮੱਖਣ ਸਿੰਘ ਡਾਕਟਰ ਸਰੂਪ ਸਿੰਘ ਸਟੇਟ ਸੈਕਟਰੀ ਲੋਕ ਸਭਾ ਇੰਚਾਰਜ ਅਮਨ ਬਹੁਤ ਸਤਿਗੁਰੂ ਸਿੰਘ ਜਿਲਾ ਸੰਗਰੂਰ ਦੇ ਪ੍ਰਧਾਨ ਸਰਬਜੀਤ ਸਿੰਘ ਜਿਲਾ ਬਰਨ-ਾਲਾ ਦੇ ਪ੍ਰਧਾਨ।

# ਆਮ ਆਦਮੀ ਪਾਰਟੀ ਦੇ ਉਮੀਦਵਾਰ ਅਜੇ ਕੁਮਾਰ ਨੇ ਵਾਰਡ ਨੰਬਰ 26 ਤੋਂ ਭਰੇ ਨਾਮਜ਼ਦਗੀ ਕਾਗਜ਼,ਲੋਕਾਂ ਦੇ ਭਾਰੀ ਇਕੱਠ ਨੇ ਜਿੱਤ ਦੀ ਭਰੀ ਗਵਾਹੀ

## ਵਾਰਡ ਵਿੱਚ ਅਸਰ-ਰਸੂਖ ਰੱਖਣ ਵਾਲੇ ਨੌਜਵਾਨ ਆਗੂ ਅਜੇ ਕੁਮਾਰ ਦੇ ਹੱਕ ਵਿੱਚ ਵੋਟਰਾਂ ਨੇ ਜੋੜਿਆ ਮੋਢੇ ਨਾਲ ਮੋਢਾ

**ਹੁਸ਼ਿਆਰਪੁਰ, 25 ਜੂਨ (ਤਰਸੇਮ ਦੀਵਾਨਾ ) –** ਹੁਸ਼ਿਆਰਪੁਰ ਨਗਰ ਨਿਗਮ ਦੇ ਵਾਰਡ ਨੰਬਰ 26 ਤੋਂ ਆਮ ਆਦਮੀ ਪਾਰਟੀ (ਆਪ) ਦੇ ਮਿਹਨਤੀ ਅਤੇ ਲੋਕਪ੍ਰਿਯ ਉਮੀਦਵਾਰ ਅਜੇ ਕੁਮਾਰ ਵੱਲੋਂ ਅੱਜ ਵੱਡੀ ਗਿਣਤੀ ਵਿੱਚ ਸਮਰਥਕਾਂ ਅਤੇ ਮੁਹੱਲਾ ਨਿਵਾਸੀਆਂ ਦੀ ਹਾਜ਼ਰੀ ਵਿੱਚ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ। ਰਾਜਨੀਤੀ ਦੇ ਮੈਦਾਨ ਵਿੱਚ ਪਹਿਲੀ ਵਾਰ ਕਿਸਮਤ ਅਜ਼ਮਾ ਰਹੇ ਅਜੇ ਕੁਮਾਰ ਦਾ ਵਾਰਡ ਨੰਬਰ 26 ਵਿੱਚ ਚੰਗਾ ਅਸਰ-ਰਸੂਖ ਹੋਣ ਕਰਕੇ ਅੱਜ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਕਾਗਜ਼ ਭਰਨ ਵੇਲੇ ਉਹਨਾਂ ਦੇ ਨਾਲ ਇਕੱਠੇ ਹੋਏ ਜਨ-ਸੈਲਾਬ ਨੇ ਸਾਫ਼ ਕਰ ਦਿੱਤਾ ਹੈ ਕਿ ਵਾਰਡ ਦੇ ਲੋਕ ਅਜੇ ਕੁਮਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ ਅਤੇ ਉਹਨਾਂ ਦੀ ਜਿੱਤ ਦੀ ਗਵਾਹੀ ਭਰ ਰਹੇ ਹਨ।

**ਵਾਰਡ ਦਾ ਸਰਵਪੱਖੀ ਵਿਕਾਸ ਅਤੇ ਨਸ਼ੇ ਦਾ ਖਾਤਮਾ ਮੇਰੀ ਮੁੱਖ ਪਹਿਲ:**

ਨਾਮਜ਼ਦਗੀ ਕਾਗਜ਼ ਦਾਖਲ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਉਮੀਦਵਾਰ ਅਜੇ ਕੁਮਾਰ ਨੇ ਵਾਰਡ ਨੰਬਰ 26 ਦੇ ਵੋਟਰਾਂ ਦਾ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ, "ਮੈਂ ਵਾਰਡ ਦੇ ਸਮੂਹ ਮਾਈ-ਬਾਪ (ਵੋਟਰਾਂ) ਲਈ ਦਿਨ-ਰਾਤ ਹਾਜ਼ਰ ਹਾਂ। ਵਾਰਡ ਵਿੱਚ ਵਿਕਾਸ ਕਾਰਜਾਂ ਦੀ ਕਿਸੇ ਵੀ ਕਿਸਮ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਇਲਾਕੇ ਦੀ ਨੁਹਾਰ ਬਦਲਣ ਲਈ ਵਿਕਾਸ ਨੂੰ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ।"



ਨਸ਼ਿਆਂ ਦੀ ਗੰਭੀਰ ਸਮੱਸਿਆ 'ਤੇ ਬੋਲਦਿਆਂ ਅਜੇ ਕੁਮਾਰ ਨੇ ਕਿਹਾ ਕਿ ਵਾਰਡ ਨੂੰ ਨਸ਼ਾ ਮੁਕਤ ਕਰਨਾ ਅਤੇ ਨੌਜਵਾਨੀ ਨੂੰ ਸਹੀ ਰਸਤੇ ਪਾਉਣਾ ਉਹਨਾਂ ਦਾ ਮੁੱਖ ਮਕਸਦ ਹੈ, ਜਿਸ ਲਈ ਪਹਿਲਕਦਮੀ ਕਰਦਿਆਂ ਵਿਸ਼ੇਸ਼ ਕਦਮ ਚੁੱਕੇ ਜਾਣਗੇ। ਉਹਨਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਾਰਡ ਨਿਵਾਸੀਆਂ ਦੇ ਮਿਲ ਰਹੇ ਅਥਾਹ ਪਿਆਰ ਸਦਕਾ ਇਹ ਸੀਟ ਸ਼ਾਨਦਾਰ ਬਹੁਮਤ ਨਾਲ ਜਿੱਤੀ ਜਾਵੇਗੀ।
ਇਸ ਮੌਕੇ 'ਆਪ' ਪਾਰਟੀ ਦੇ ਸਥਾਨਕ ਆਗੂ, ਅਹੁਦੇਦਾਰ, ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਵਾਰਡ ਨੰਬਰ 26 ਦੇ ਪਤਵੰਤੇ ਸੱਜਣ ਹਾਜ਼ਰ ਸਨ, ਜਿਨ੍ਹਾਂ ਨੇ ਅਜੇ ਕੁਮਾਰ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਦਿਆਂ ਜਿੱਤ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਐਮਸੀ ਮੁਕੇਸ਼ ਕੁਮਾਰ ਮੱਲ੍ਹ, ਲਾਲ ਚੰਦ ਭੱਟੀ, ਅਮਰਜੀਤ ਖੋਸਲਾ, ਬੱਬੀ ਪੈਂਟਰ ਆਦਿ ਹਾਜ਼ਰ ਸਨ !

# ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ੁਰੂ ਹੋਣਗੇ ਸਿਹਤ, ਸਿੱਖਿਆ ਅਤੇ ਖੇਡਾਂ ਦੇ ਵੱਡੇ ਪ੍ਰੋਜੈਕਟ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ, 25 ਜੂਨ ( ਤਰਸੇਮ ਦੀਵਾਨਾ ) –** ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਸ੍ਰੀ ਗੁਰੂ ਰਵਿਦਾਸ ਚਰਨਛੋਹ ਇਤਿਹਾਸਕ ਧਰਮ ਅਸਥਾਨ ਬੇਗਮਪੁਰਾ (ਖੁਰਾਲਗੜ੍ਹ ਸਾਹਿਬ) ਵਿਖੇ ਹੋਏ ਆਦਿ ਧਰਮ ਮੰਡਲ ਦੇ ਸ਼ਤਾਬਦੀ ਸਮਾਗਮਾਂ ਦੀ ਬੇਮਿਸਾਲ ਸਫਲਤਾ ਲਈ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਉਨ੍ਹਾਂ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਦੇ ਕਰੋੜਾਂ ਅਨੁਸੂਚਿਤ ਅਤੇ ਪੱਛੜੇ ਵਰਗਾਂ ਦੇ ਧਾਰਮਿਕ, ਸਮਾਜਿਕ ਅਤੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਆਦਿ ਧਰਮ ਮਿਸ਼ਨ ਹਮੇਸ਼ਾਂ ਵਾਂਗ ਭਵਿੱਖ ਵਿੱਚ ਵੀ ਮੋਹਰੀ ਹੋ ਕੇ ਸੰਘਰਸ਼ ਜਾਰੀ ਰੱਖੇਗਾ।

ਉਨ੍ਹਾਂ ਦ੍ਰਿੜਤਾ ਨਾਲ ਆਖਿਆ ਕਿ ਆਦਿ ਧਰਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਕਾਂਸ਼ੀ ਰਾਮ ਅਤੇ ਬਾਬਾ ਬੰਤਾ ਰਾਮ ਘੇੜਾ ਵੱਲੋਂ ਦਿੱਤੇ ਗਏ ਕੌਮੀ ਏਕਤਾ, ਬਰਾਬਰਤਾ ਅਤੇ ਆਪਸੀ ਭਾਈਚਾਰੇ ਦੇ ਸੰਦੇਸ਼ ਨੂੰ ਮਿਸ਼ਨ ਦੇ ਮੰਚ ਤੋਂ ਘਰ-ਘਰ ਤੱਕ ਪਹੁੰਚਾਇਆ ਜਾਵੇਗਾ।

**ਵਿਰੋਧੀਆਂ ਦੀਆਂ ਸਾਜ਼ਿਸ਼ਾਂ ਨਾਕਾਮ ਹੋਣਗੀਆਂ, ਪਰਿਵਰਤਨ ਦੀ ਲਹਿਰ ਨਹੀਂ ਰੁਕੇਗੀ :** ਸੰਤ ਸਤਵਿੰਦਰ ਹੀਰਾ ਨੇ ਮਿਸ਼ਨ ਦੇ ਵਿਰੋਧੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਬਹੁਤ ਸਾਰੇ



ਲੋਕ ਇਸ ਮਿਸ਼ਨ ਨੂੰ ਢਾਹ ਲਾਉਣ ਲਈ ਗੁੰਮਰਾਹਕੁੰਨ ਸ਼ਾਜਿਸ਼ਾਂ ਰਚ ਰਹੇ ਹਨ। ਪਰ ਇਹ ਮਿਸ਼ਨ ਗੁਰੂਆਂ-ਰਹਿਬਰਾਂ ਦੇ ਆਸ਼ੀਰਵਾਦ ਨਾਲ ਚੱਲ ਰਿਹਾ ਆਰਥਿਕ, ਸਮਾਜਿਕ, ਧਾਰਮਿਕ ਤੇ ਰਾਜਨੀਤਕ ਪਰਿਵਰਤਨ ਦਾ ਇੱਕ ਅਜਿਹਾ ਅੰਦੋਲਨ ਹੈ ਜੋ ਕਿਸੇ ਦੇ ਰੋਕਿਆਂ ਨਹੀਂ ਰੁਕੇਗਾ, ਬਲਕਿ ਸਮਾਜ ਵਿੱਚ ਵੱਡੀ ਕ੍ਰਾਂਤੀ ਲਿਆ ਕੇ ਆਪਣੀ ਮੰਜ਼ਿਲ ਸਰ ਕਰੇਗਾ।

**ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ੁਰੂ ਹੋਣਗੇ ਸਿਹਤ, ਸਿੱਖਿਆ ਅਤੇ ਖੇਡਾਂ ਦੇ ਵੱਡੇ ਪ੍ਰੋਜੈਕਟ :** ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸੰਤ ਹੀਰਾ ਨੇ ਐਲਾਨ ਕੀਤਾ ਕਿ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਵੱਲੋਂ ਪਵਿੱਤਰ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਿਹਤ, ਉੱਚ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਵੱਡੇ ਪ੍ਰੋਜੈਕਟ ਉਲੀਕੇ ਜਾਣਗੇ, ਤਾਂ ਜੋ ਇਸ ਪੂਰੇ ਖੇਤਰ ਨੂੰ ਸੱਭਿਆਚਾਰਕ ਅਤੇ ਵਿਕਾਸ ਪੱਖੋਂ ਇੱਕ ਖੁਸ਼ਹਾਲ ਮਾਡਲ ਵਜੋਂ ਪੇਸ਼ ਕੀਤਾ ਜਾ ਸਕੇ।

**ਪਾਰਦਰਸ਼ੀ ਪ੍ਰਬੰਧ ਲਈ ਬਣੇਗੀ ਵਿਸ਼ੇਸ਼ ਕਮੇਟੀ :** ਉਨ੍ਹਾਂ ਅੱਗੇ ਦੱਸਿਆ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਉਨ੍ਹਾਂ ਦੀ ਪਰਮ ਸਿੱਖਿਆ ਮੀਰਾਂ ਬਾਈ ਜੀ ਦੇ ਸੁੰਦਰ ਤੇ ਅਲੌਕਿਕ ਮੰਦਿਰ ਦੀ ਉਸਾਰੀ ਲਈ ਦੇਸ਼-ਵਿਦੇਸ਼ ਦੀਆਂ ਸੰਗਤਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਸੇਵਾ-ਮੁਕਤ ਅਧਿਕਾਰੀਆਂ ਅਤੇ ਬੁੱਧੀਜੀਵੀਆਂ ਦੀ ਇੱਕ ਵਿਸ਼ੇਸ਼ ਪ੍ਰਬੰਧਕੀ ਕਮੇਟੀ ਗਠਿਤ ਕੀਤੀ ਜਾਵੇਗੀ, ਜੋ ਆਦਿ ਧਰਮੀ ਕੌਮ ਦੇ ਇਨ੍ਹਾਂ ਮਹਾਨ ਅਸਥਾਨਾਂ ਦੀ ਨਵ-ਉਸਾਰੀ ਅਤੇ ਪ੍ਰਬੰਧ ਨੂੰ ਪੂਰੀ ਪਾਰਦਰਸ਼ਤਾ ਨਾਲ ਚਲਾਏਗੀ।

**ਮਹਾਂਨਾਇਕ ਪੈਦਾ ਕਰਨ ਲਈ ਸਥਾਪਿਤ ਹੋਵੇਗੀ ਵਿਸ਼ੇਸ਼ ਅਕੈਡਮੀ :** ਸੰਤ ਸਤਵਿੰਦਰ ਹੀਰਾ ਨੇ ਆਪਣੇ ਸੁਪਨੇ ਅਤੇ ਦੂਰਅੰਦੇਸ਼ੀ ਸੋਚ ਨੂੰ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਦਿਲੀ ਤਮੰਨਾ ਹੈ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਇੱਕ ਅਜਿਹੀ ਵਿਸ਼ਵ ਪੱਧਰੀ ਅਕੈਡਮੀ ਸਥਾਪਿਤ ਕੀਤੀ ਜਾਵੇ, ਜਿੱਥੋਂ ਬਾਬੂ ਮੰਗੂ ਰਾਮ ਮੁਗੋਵਾਲੀਆ, ਮਹਾਤਮਾ ਜੋਤੀਬਾ ਫੁਲੇ, ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਵਰਗੇ ਮਹਾਂਨਾਇਕ ਅਤੇ ਆਗੂ ਪੈਦਾ ਹੋਣ। ਇਹ ਨਵੀਂ ਪਨੀਰੀ ਆਦਿ ਧਰਮ ਦੀ ਲਹਿਰ ਨੂੰ ਪੂਰੇ ਵਿਸ਼ਵ ਅੰਦਰ ਪ੍ਰਚੰਡ ਕਰਕੇ ਸਮਾਜਿਕ ਅਤੇ ਰਾਜਨੀਤਕ ਪਰਿਵਰਤਨ ਦੇ ਇਸ ਅੰਦੋਲਨ ਨੂੰ ਇਸ ਦੀ ਅਸਲ ਮੰਜ਼ਿਲ ਤੱਕ ਲੈ ਕੇ ਜਾਵੇਗੀ।

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਉੱਚ ਸਿੱਖਿਆ ਨੂੰ ਬਦਲਣ 'ਤੇ 7 ਦਿਨਾਂ ਫੈਕਲਟੀ ਵਿਕਾਸ ਪ੍ਰੋਗਰਾਮ ਦਾ ਆਯੋਜਨ ਕੀਤਾ

**ਬਲਾਚੌਰ 25 ਜੂਨ ( ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ "ਉਭਰਦੀਆਂ ਤਕਨਾਲੋਜੀਆਂ ਅਤੇ ਹੁਨਰ-ਅਧਾਰਤ ਸਿਖਲਾਈ ਰਾਹੀਂ ਉੱਚ ਸਿੱਖਿਆ ਨੂੰ ਬਦਲਣਾ" ਵਿਸ਼ੇ 'ਤੇ ਸੱਤ ਦਿਨਾਂ ਫੈਕਲਟੀ ਵਿਕਾਸ ਪ੍ਰੋਗਰਾਮ (ਐਫ ਡੀ ਪੀ )ਨੂੰ ਸਫਲਤਾਪੂਰਵਕ ਆਯੋਜਿਤ ਕੀਤਾ , ਜਿਸ ਵਿੱਚ ਪ੍ਰਸਿੱਧ ਸਿੱਖਿਆ ਸ਼ਾਸਤਰੀਆਂ, ਸਿੱਖਿਆ ਨੇਤਾਵਾਂ, ਉਦਯੋਗ ਮਾਹਰਾਂ ਅਤੇ ਫੈਕਲਟੀ ਮੈਂਬਰਾਂ ਨੂੰ ਉੱਚ ਸਿੱਖਿਆ ਵਿੱਚ ਨਵੀਨਤਾਕਾਰੀ ਸਿੱਖਿਆ ਸ਼ਾਸਤਰੀ ਅਭਿਆਸਾਂ, ਉੱਭਰ ਰਹੀਆਂ ਤਕਨਾਲੋਜੀਆਂ ਅਤੇ ਹੁਨਰ-ਅਧਾਰਤ ਪਹੁੰਚਾਂ 'ਤੇ ਵਿਚਾਰ-ਵਟਾਂਦਰਾ ਕੀਤਾ ਫ ਫੈਕਲਟੀ ਵਿਕਾਸ ਪ੍ਰੋਗਰਾਮ ਵਿੱਚ ਮਾਹਰ ਸੈਸ਼ਨਾਂ, ਇੰਟਰਐਕਟਿਵ ਚਰਚਾਵਾਂ, ਕੇਸ ਸਟੱਡੀਜ਼, ਹੱਥੀਂ ਸਿਖਲਾਈ ਗਤੀਵਿਧੀਆਂ ਅਤੇ ਇੱਕ ਵਿਦਿਅਕ ਦੌਰੇ ਦੀ ਇੱਕ ਲੜੀ ਸ਼ਾਮਲ ਸੀ, ਜਿਸ ਨਾਲ ਭਾਗੀਦਾਰਾਂ ਨੂੰ ਉੱਚ ਸਿੱਖਿਆ ਦੇ ਵਿਕਸਤ ਹੋ ਰਹੇ ਦ੍ਰਿਸ਼ਟੀਕੋਣ ਬਾਰੇ ਕੀਮਤੀ ਸੂਝ ਪ੍ਰਦਾਨ ਕੀਤੀ ਗਈ। ਹਫ਼ਤੇ ਭਰ, ਪ੍ਰਸਿੱਧ ਸਿੱਖਿਆ ਸ਼ਾਸਤਰੀਆਂ ਅਤੇ ਉਦਯੋਗ ਮਾਹਰਾਂ ਨੇ ਤਕਨਾਲੋਜੀ-ਸਮਰੱਥ ਸਿਖਲਾਈ, ਲੀਡਰਸ਼ਿਪ, ਨਵੀਨਤਾ, ਖੋਜ ਉੱਤਮਤਾ, ਅਤੇ ਨਤੀਜਾ-ਅਧਾਰਤ ਸਿੱਖਿਆ 'ਤੇ ਆਪਣੀ ਮੁਹਾਰਤ ਸਾਂਝੀ ਕੀਤੀ।ਪ੍ਰੋਫੈਸਰ ਅਨਿਲ ਕੁਮਾਰ, ਸਟੇਟ ਐਗਜ਼ੀਕਿਊਟਿਵ ਮੈਂਬਰ,



ਪਤੰਜਲੀ ਯੋਗਪੀਠ, ਚੰਡੀਗੜ੍ਹ ਨੇ ਸਰੀਰਕ ਤੰਦਰੁਸਤੀ, ਮਾਨਸਿਕ ਤੰਦਰੁਸਤੀ ਅਤੇ ਸੰਪੂਰਨ ਵਿਕਾਸ ਪ੍ਰਾਪਤ ਕਰਨ ਵਿੱਚ ਯੋਗ ਦੀ ਮਹੱਤਤਾ 'ਤੇ ਚਾਨਣਾ ਪਾਇਆ।

ਸ਼੍ਰੀ ਪੀ. ਕੇ. ਵਰਮਾ, ਡਾਇਰੈਕਟਰ-ਮਨੁੱਖੀ ਸਰੋਤ, ਨੇ ਪੇਸ਼ੇਵਰ ਉੱਤਮਤਾ ਅਤੇ ਨਿਯਮਿਤ ਤੌਰ 'ਤੇ ਅਪਡੇਟ ਕਰਨ 'ਤੇ ਕੀਮਤੀ ਦ੍ਰਿਸ਼ਟੀਕੋਣ ਸਾਂਝੇ ਕੀਤੇ। ਪ੍ਰੋ. (ਡਾ.) ਏ. ਐਸ. ਚਾਵਲਾ, ਵਾਈਸ ਚਾਂਸਲਰ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਨੇ ਸਾਰੇ ਭਾਗੀਦਾਰਾਂ ਨੂੰ ਉਨ੍ਹਾਂ ਦੀ ਉਤਸ਼ਾਹੀ ਸ਼ਮੂਲੀਅਤ ਅਤੇ ਪ੍ਰੋਗਰਾਮ ਦੇ ਸਫਲਤਾਪੂਰਵਕ ਸੰਪੂਰਨਤਾ ਲਈ ਵਧਾਈ ਦਿੱਤੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਉੱਭਰ ਰਹੀਆਂ ਤਕਨਾਲੋਜੀਆਂ ਅਤੇ ਨਵੀਨਤਾਕਾਰੀ ਅਧਿਆਪਨ ਵਿਧੀਆਂ ਭਵਿੱਖ ਲਈ ਤਿਆਰ ਗ੍ਰੈਜੂਏਟਾਂ ਨੂੰ ਤਿਆਰ ਕਰਨ ਲਈ ਜ਼ਰੂਰੀ ਹਨ ਅਤੇ ਫੈਕਲਟੀ ਮੈਂਬਰਾਂ ਨੂੰ ਵਿਦਿਅਕ ਪਰਿਵਰਤਨ ਦੇ ਉਤਪ੍ਰੇਰਕ ਬਣਨ ਦੀ ਅਪੀਲ ਕੀਤੀ।

ਪ੍ਰੋ. (ਡਾ.) ਬੀ. ਐਸ. ਸਤਿਆਲ, ਪ੍ਰੋ ਵਾਈਸ ਚਾਂਸਲਰ, ਐਲਟੀਐਸਯੂ, ਨੇ ਐਫ ਡੀ ਪੀ ਦੇ ਨਤੀਜਿਆਂ 'ਤੇ ਪ੍ਰਤੀਬਿੰਬਤ ਕੀਤਾ ਅਤੇ ਅਕਾਦਮਿਕ ਗੁਣਵੱਤਾ, ਸੰਸਥਾਗਤ ਉੱਤਮਤਾ ਅਤੇ ਸਿਖਿਆਰਥੀਆਂ ਦੀ ਸ਼ਮੂਲੀਅਤ ਨੂੰ ਮਜ਼ਬੂਤ ਕਰਨ ਵਿੱਚ ਨਿਰੰਤਰ ਪੇਸ਼ੇਵਰ ਵਿਕਾਸ ਦੀ ਮਹੱਤਤਾ ਨੂੰ ਉਜਾਗਰ ਕੀਤਾ। ਐਲ ਟੀ ਐਸ ਯੂ ਦੇ ਚਾਂਸਲਰ, ਸ਼੍ਰੀ ਐਨ ਐਸ ਰਿਆਤ,ਨੇ ਨਵੀਨਤਾ, ਹੁਨਰ ਵਿਕਾਸ ਅਤੇ ਅਕਾਦਮਿਕ ਉੱਤਮਤਾ 'ਤੇ ਕੇਂਦ੍ਰਿਤ ਪ੍ਰਭਾਵਸ਼ਾਲੀ ਪ੍ਰੋਗਰਾਮ ਦੇ ਆਯੋਜਨ ਲਈ ਯੂਨੀਵਰਸਿਟੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸੀਈਓ ਸ਼੍ਰੀ ਵਿਮਲ ਮਨਹੋਤਰਾ ਨੇ ਵੀ ਫੈਕਲਟੀ ਅਤੇ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਜੋਇੰਟ ਡਾਇਰੈਕਟਰ ਅਤੇ ਪ੍ਰੋਗਰਾਮ ਕੋਆਰਡੀਨੇਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਸਾਰੇ ਮਾਹਿਰ ਸਰੋਤ ਵਿਅਕਤੀਆਂ ਦੀ ਪ੍ਰਸ਼ੰਸਾ ਕੀਤੀ, ਫੈਕਲਟੀ ਭਾਗੀਦਾਰਾਂ, ਕੋਆਰਡੀਨੇਟਰਾਂ ਨੂੰ ਸਰਟੀਫਿਕੇਟ ਦਿੱਤੇ ਗਏ, ਅਤੇ ਸਾਰੀ ਪ੍ਰਬੰਧਨ ਟੀਮ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ।

# ਸਕੂਟਰੀ ਨੂੰ ਅਣਪਛਾਤੇ ਵਾਹਨ ਨੇ ਪਿੱਛੋਂ ਮਾਰੀ ਟੱਕਰ

## ਸਕੂਟਰੀ ਸਵਾਰ ਪਤੀ ਪਤਨੀ ਗੰਭੀਰ ਜ਼ਖ਼ਮੀ, ਜਾਨੀ ਨੁਕਸਾਨ ਦਾ ਬਚਾਅ

**ਨਵਾਂਸ਼ਹਿਰ /ਕਾਠਗੜ੍ਹ 25 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਨੇੜੇ ਰੈਲਮਾਜਰਾ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਦੇ ਸਾਹਮਣੇ ਸਕੂਟਰੀ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਤਰੁੰਤ ਜਾ ਕੇ ਦੇਖਿਆ ਕਿ

ਇੱਕ ਸਕੂਟਰੀ ਜਿਸ ਦਾ ਨੰਬਰ ਪੀ ਬੀ 12ਜੇ 3775 ਜਿਸ ਨੂੰ ਸੁਖਦੇਵ ਜੋਸ਼ੀ ਪੁੱਤਰ ਪਤੰਬਰ ਜੋਸ਼ੀ ਵਾਸੀ ਆਦਰਸ਼ ਨਗਰ ਰੋਪੜ੍ਹ ਚਲਾ ਰਿਹਾ ਸੀ ਜੋ ਕਿ ਰੋਪੜ੍ਹ ਤੋਂ ਬਲਾਚੌਰ ਜਾ ਰਿਹਾ ਸੀ ਉਸ ਦੀ ਸਕੂਟਰੀ ਮਗਰ ਉਸ ਦੀ ਪਤਨੀ ਸਸ਼ੀ ਜੋਸ਼ੀ ਸਵਾਰ ਸੀ ਜਦੋਂ ਇਹ ਸਕੂਟਰੀ ਲੈ ਕੇ ਉਪਰੋਕਤ ਸਥਾਨ ਤੇ ਪਹੁੰਚੇ ਤਾਂ ਇਹਨਾਂ ਦੀ ਸਕੂਟਰੀ ਨੂੰ ਪਿੱਛੋਂ





ਕਿਸੇ ਅਣਪਛਾਤੇ ਵਾਹਨ ਫੇਟ ਮਾਰ ਦਿੱਤੀ ਅਤੇ ਅਣਪਛਾਤਾ ਵਾਹਨ ਮੌਕੇ ਤੋਂ ਫਰਾਰ ਹੋ ਗਿਆ। ਜਿਸ ਨਾਲ ਸਕੂਟਰੀ ਦਾ ਸਤੁੰਨਲ ਵਿਗੜ ਗਿਆ ਅਤੇ ਦੋਨੋਂ ਸਕੂਟਰੀ ਸਵਾਰ ਪਤੀ ਪਤਨੀ ਡਿੱਗ ਕੇ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਦੀ ਮਦਦ ਨਾਲ ਇਲਾਜ਼ ਲਈ ਸਿਵਲ ਹਸਪਤਾਲ ਰੋਪੜ੍ਹ ਵਿਖੇ ਦਾਖਲ ਕਰਵਾਇਆ ਗਿਆ। ਹਾਦਸੇ ਵਿੱਚ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ਅਤੇ ਸਕੂਟਰੀ ਨੁਕਸਾਨੀ ਗਈ।ਇਸ ਹਾਦਸੇ ਸਬੰਧੀ ਐਸ ਐਸ ਐਫ ਦੀ ਟੀਮ ਵਲੋਂ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਆਸਰੋਂ ਚੌਂਕੀ ਇੰਚਾਰਜ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਮੰਗਾਂ ਮਨਵਾਉਣ ਲਈ ਮੈਡੀਕਲ ਪ੍ਰੈਕਟੀਸ਼ਨਰਜ਼ ਆਮ ਆਦਮੀ ਪਾਰਟੀ ਦੇ ਐਮ ਐਲ ਏ ਅਤੇ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨ ਗੇ :- ਡਾਕਟਰ ਸਲੋਹ, ਡਾਕਟਰ ਗਰਚਾ, ਡਾਕਟਰ ਕਟਾਰੀਆ

**ਨਵਾਂਸ਼ਹਿਰ 25 ਜੂਨ (ਚਰਨਜੀਤ ਸੱਲ੍ਹਾ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜ਼ਿਲ੍ਹਾ ਇਕਾਈ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਦੀ ਪ੍ਰਧਾਨਗੀ ਹੇਠ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ ਦੀ ਰਿਹਾਇਸ਼ ਪਿੰਡ ਗੁਜਰ-ਪੁਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ ਅਤੇ ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦੀ 30ਵੀ ਵਰੇਗੰਢ ਕੇਕ ਕੱਟ ਕੇ ਮਨਾਈ ਗਈ।ਸੂਬਾ ਚੇਅਰਮੈਨ ਡਾਕਟਰ ਪ੍ਰੇਮ ਸਲੋਹ, ਸੂਬਾ ਮੀਤ ਪ੍ਰਧਾਨ ਡਾਕਟਰ ਬਲਵੀਰ ਗਰਚਾ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਇਹ ਵੀ ਦੱਸਿਆ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦੀ ਸੂਬਾ ਕਮੇਟੀ ਦੀ ਅਜਲਾਸ ਤੋਂ ਬਾਅਦ ਪਲੇਠੀ ਮੀਟਿੰਗ ਚਾਲੀ ਮੁਕਤਿਆਂ ਦੀ ਪਵਿੱਤਰ ਧਰਤੀ ਮੁਕਤਸਰ ਸਾਹਿਬ ਵਿਖੇ 14 ਜੂਨ ਨੂੰ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਜੀ ਦੀ ਅਗਵਾਈ ਹੇਠ ਕੀਤੀ ਗਈ ਸੀ ਜਿਸ ਵਿੱਚ



ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਅਹਿਮ ਮਸਲਿਆਂ ਤੇ ਵਿਚਾਰਾਂ ਕੀਤੀਆਂ ਗਈਆਂ ਸਨ। ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸਮੁੱਚੀ ਸੂਬਾ ਕਮੇਟੀ ਨੇ ਇੱਕ ਫੈਸਲਾ ਲਿਆ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀਆਂ ਜਾਇਜ਼ ਮੰਗਾਂ ਮਨਵਾਉਣ ਲਈ ਪੰਜਾਬ ਸਰਕਾਰ ਦੇ ਐਮਐਲਏ ਅਤੇ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਕੇ ਉਨ੍ਹਾਂ ਨੂੰ ਮੰਗ ਪੱਤਰ ਦਿੱਤੇ ਜਾਣ ਗੇ ਉਸ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਚੰਡੀਗੜ੍ਹ ਵਿਖੇ ਸਾਰੇ ਪੰਜਾਬ ਦੇ ਮੈਡੀਕਲ ਪ੍ਰੈਕਟੀਸ਼ਨਰਜ਼ ਵਲੋਂ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ਼ ਅਤੇ ਸਮੁੱਚੀ ਸੂਬਾ ਕਮੇਟੀ ਨੇ ਜੋ ਫੈਸਲਾ ਲਿਆ ਹੈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਮੈਂਬਰ ਉਸ ਨੂੰ ਇਨ ਬਿਨ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਮੈਂਬਰਾਂ ਨੂੰ ਇਸ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਪੀਲ ਕੀਤੀ ਅਤੇ ਆਪਸੀ ਏਕਤਾ ਬਣਾਈ ਰੱਖਣ ਲਈ ਹਿਦਾਇਤ ਕੀਤੀ। ਇਸ ਸਮੇਂ ਜ਼ਿਲ੍ਹਾ ਵਾਇਸ ਚੇਅਰਮੈਨ ਡਾਕਟਰ ਅਨੂੰਪਿੰਦਰ ਸਿੰਘ ਸੂੰਢ, ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ,ਬਲਾਕ ਬਹਿਰਾਮ ਦੇ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ, ਬਲਾਕ ਸੜੋਆ ਦੇ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ, ਡਾਕਟਰ ਸੁਧੀਰ ਬੰਗਾ, ਜ਼ਿਲ੍ਹਾ ਵਾਇਸ ਕੈਸ਼ੀਅਰ ਡਾਕਟਰ ਸਤਨਾਮ ਸਿੰਘ ਬਜੀਦਪੁਰ, ਜ਼ਿਲ੍ਹਾ ਵਾਇਸ ਪ੍ਰਧਾਨ ਡਾਕਟਰ ਜਗੀਰ ਸਿੰਘ, ਬਲਾਕ ਜਾਡਲਾ ਦੇ ਜਨਰਲ ਸਕੱਤਰ ਡਾਕਟਰ ਰਵਿੰਦਰ ਕੁਮਾਰ ਵਸ਼ਿਸ਼ਟ , ਡਾਕਟਰ ਸੰਤੋਖ ਬਾਲੀ ਅਤੇ ਡਾਕਟਰ ਏ ਬੀ ਅਰੋੜਾ ਅਤੇ ਸਮੂਹ ਜ਼ਿਲ੍ਹਾ ਆਗੂ ਹਾਜ਼ਰ ਸਨ।

# ਲਹਿੰਦੇ ਪੰਜਾਬ ਦੇ ਨਾਮਵਰ ਨਾਵਲਕਾਰ ਅਲੀ ਅਨਵਰ ਆਹਮਦ ਦੇ ਲਘੂ ਨਾਵਲ "ਸ਼ਿਕਾਰਨ" ਉੱਤੇ ਗੋਸ਼ਟੀ ਕਰਵਾਈ ਗਈ

**ਕਪੂਰਥਲਾ, 25 ਜੂਨ ( ਕੌੜਾ )** - ਜ਼ਿਲ੍ਹਾ ਭਾਸ਼ਾ ਦਫ਼ਤਰ, ਕਪੂਰਥਲਾ ਵਿਖੇ ਲਹਿੰਦੇ ਪੰਜਾਬ ਦੇ ਨਾਮਵਰ ਨਾਵਲਕਾਰ ਅਲੀ ਅਨਵਰ ਆਹਮਦ ਦੇ ਲਘੂ ਨਾਵਲ "ਸ਼ਿਕਾਰਨ" ਉੱਤੇ ਗੋਸ਼ਟੀ ਕਰਵਾਈ ਗਈ। ਇਸ ਨਾਵਲ ਦਾ ਗੁਰਮੁਖੀ ਭਾਸ਼ਾ ਵਿੱਚ ਲਿਪੀਅੰਤਰਨ ਸ਼ਾਇਰ ਅਤੇ ਲੇਖਕ ਸ਼ਹਿਬਾਜ਼ ਖ਼ਾਨ ਨੇ ਕੀਤਾ ਹੈ। ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਇਲਾਕੇ ਦੇ ਨਾਮਵਰ ਸ਼ਾਇਰ ਪ੍ਰੋ. ਕੁਲਵੰਤ ਸਿੰਘ ਔਜਲਾ ਸ਼ਾਮਿਲ ਹੋਏ। ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਡਾ. ਸਤਿੰਦਰਜੀਤ ਸਿੰਘ (ਸੰਨੀ ਪੱਖੋਕੇ), ਸੰਸਥਾਪਕ ਬੁੱਕਸ ਰੂਟ ਅਤੇ ਸਹਾਇਕ ਪ੍ਰੋਫ਼ੈਸਰ ਡਾ. ਸੰਦੀਪ ਸਿੰਘ, ਖ਼ਾਲਸਾ ਕਾਲਜ ਅੰਮ੍ਰਿਤਸਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਲਘੂ ਨਾਵਲ ਉੱਤੇ ਵਿਚਾਰ ਚਰਚਾ ਅਤੇ ਪਰਚਾ ਪੜ੍ਹਨ ਦੀ ਰਸਮ ਡਾ. ਸਰਦੂਲ ਸਿੰਘ ਔਜਲਾ (ਮੁਖੀ, ਪੰਜਾਬੀ ਵਿਭਾਗ) ਡਿਪਸ ਕਾਲਜ ਢਿੱਲਵਾਂ ਅਤੇ ਡਾ. ਜਸਦੀਪ ਕੌਰ (ਸਹਾਇਕ ਪ੍ਰੋਫ਼ੈਸਰ, ਪੰਜਾਬੀ) ਹਿੰਦੂ ਕੰਨਿਆ ਕਾਲਜ ਕਪੂਰਥਲਾ ਵੱਲੋਂ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਵਿਭਾਗੀ ਧੁਨੀ ਨਾਲ ਕੀਤੀ ਗਈ, ਇਸ ਉਪਰੰਤ ਸ਼੍ਰੀਮਤੀ ਮੁਨੱਜ਼ਾ ਇਰਸ਼ਾਦ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਸ਼ਿਕਾਰਨ (ਨਾਵਲੈੱਟ) ਦੀ ਮੁੱਢਲੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲਿਪੀਅੰਤਰਨ ਲਈ ਇਸ ਪੁਸਤਕ ਨੂੰ ਕਿਵੇਂ ਚੁਣਿਆ ਗਿਆ।

ਪ੍ਰਿੰਸੀਪਲ ਪ੍ਰੋਮਿਲਾ ਅਰੋੜਾ ਨੇ ਸਮਾਗਮ ਵਿੱਚ ਸ਼ਹਿਬਾਜ਼ ਖ਼ਾਨ ਦੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਵੇਂ ਉਹਨਾਂ ਵੱਲੋਂ ਆਪਣੇ ਪਿਤਾ ਸਵ. ਸ੍ਰੀ ਕੰਵਰ ਇਮਤਿਆਜ਼ ਦੀ ਦਿੱਤੀ ਹੋਈ ਵਿਰਾਸਤ ਨੂੰ ਸੰਭਾਲਿਆ ਅਤੇ ਹੋਰ ਸ਼ਿੱਦਤ ਨਾਲ ਇਸ ਨੂੰ ਜਾਰੀ ਰੱਖਿਆ ਹੈ। ਉਹਨਾਂ ਸ਼ਹਿਬਾਜ਼ ਖ਼ਾਨ ਵੱਲੋਂ ਸੰਪਾਦਿਤ, ਪ੍ਰਕਾਸ਼ਿਤ ਅਤੇ ਲਿਪੀਅੰਤਰਣ ਕੀਤੀਆਂ ਹੋਰਨਾਂ ਪੁਸਤਕਾਂ ਬਾਰੇ ਵੀ ਜਾਣਕਾਰੀ ਦਿੱਤੀ।

ਮੰਚ ਸੰਚਾਲਕ ਸ਼੍ਰੀਮਤੀ ਨਰਿੰਦਰ ਨੀਤ ਵੱਲੋਂ ਸ਼ਹਿਬਾਜ਼ ਖ਼ਾਨ ਬਾਰੇ ਦੱਸਿਆ ਕਿ ਉਹ ਹੁਣ ਤੱਕ 100 ਤੋਂ ਵੱਧ ਪੁਸਤਕਾਂ ਦੀ ਸਫ਼ਲ ਸਮੀਖਿਆ



ਵੀ ਕਰ ਚੁੱਕੇ ਹਨ, ਸਮੀਖਿਆ ਕਰਨਾ ਕੋਈ ਆਸਾਨ ਕੰਮ ਨਹੀਂ ਅਤੇ ਨਾ ਹੀ ਲਿਪੀਅੰਤਰਨ ਕਰਨਾ ਕੋਈ ਸੁਖਾਲਾ ਕੰਮ ਹੈ।

ਇਸ ਉਪਰੰਤ ਅੱਜ ਦੇ ਸਮਾਗਮ ਦੇ ਮੁੱਖ ਬੁਲਾਰੇ ਡਾ. ਸਰਦੂਲ ਸਿੰਘ ਔਜਲਾ (ਡਿਪਸ ਕਾਲਜ ਢਿਲਵਾਂ) ਨੇ ਪੁਸਤਕ ਤੇ ਪਰਚਾ ਪੜਿਆ ਅਤੇ ਉਹਨਾਂ ਨੇ ਇਸ ਪੁਸਤਕ ਦੇ ਰੰਗਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਪੁਸਤਕ ਤੁਹਾਡੇ ਨਜ਼ਰੀਏ ਨੂੰ ਵਾਰ-ਵਾਰ ਟੋਲਦੀ ਹੈ ਅਤੇ ਇਹ ਪੁਸਤਕ ਸਿਰਫ਼ ਮੌਜਾਂ ਬਾਰੇ ਨਹੀਂ ਬਲਕਿ ਇਸ ਦੇ ਨਾਲ ਹੋਰ ਵੀ ਬਹੁਤ ਸਾਰੇ ਯਾਦਗਾਰ ਕਿਰਦਾਰ ਅਤੇ ਕਿੱਸੇ ਕਹਾਣੀਆਂ ਜੁੜੇ ਹਨ ਜਿਨ੍ਹਾਂ ਵਿੱਚ ਸ਼ੁਰੂਆਤੀ ਤੌਰ 'ਤੇ ਵਿਸ਼ਾ ਕਿਸੇ ਹੋਰ ਪੱਖ ਤੋਂ ਸ਼ੁਰੂ ਹੋ ਕੇ ਕਿਵੇਂ ਮੌਜਾਂ ਬੀਬੀ ਵੱਲ ਮੁੜਦਾ ਹੈ। ਉਹਨਾਂ ਨੇ ਇਹ ਸਪਸ਼ਟ ਕੀਤਾ ਕਿ ਇਸ ਦਾ ਟਾਈਟਲ ਔਰਤ ਦੀ ਨਾਂਹ ਪੱਖੀ ਸ਼ਖ਼ਸੀਅਤ ਨੂੰ ਜ਼ਾਹਿਰ ਕਰਦਾ ਹੈ। ਇਸ ਉਪਰੰਤ ਡਾ. ਜਸਦੀਪ ਕੌਰ (ਪੰਜਾਬੀ ਵਿਭਾਗ ਹਿੰਦੂ ਕੰਨਿਆ ਕਾਲਜ ਕਪੂਰਥਲਾ) ਵੱਲੋਂ ਨਾਵਲ ਦੇ ਤਕਨੀਕੀ ਪੱਖਾਂ ਬਾਰੇ ਜਾਣਕਾਰੀ ਦਿੱਤੀ ਅਤੇ ਅਜੋਕੀ ਤੇ ਪੱਛਮੀ ਥਿਊਰੀ ਦਾ ਹਵਾਲਾ ਦਿੰਦਿਆਂ ਨਾਵਲ ਦੀਆਂ ਪਰਤਾਂ ਉੱਤੇ ਚਾਨਣਾ ਪਾਈ।

ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਕੁਲਵੰਤ ਸਿੰਘ ਔਜਲਾ ਵੱਲੋਂ ਸ਼ਹਿਬਾਜ਼ ਖ਼ਾਨ ਦੇ ਕੰਮ ਦੀ ਤਾਰੀਫ਼ ਕਰਦਿਆਂ ਕਿਹਾ ਕਿ ਕਿਵੇਂ ਉਹ ਆਪਣੇ ਪਿਤਾ ਦੇ ਦਿੱਤੇ ਹੋਏ ਰਾਹਾਂ ਉੱਪਰ ਤੁਰਦੇ ਹੋਏ ਸਾਹਿਤ ਵਿੱਚ ਨਾਮਣਾ ਖੱਟ ਰਿਹਾ ਹੈ। ਉਹਨਾਂ ਨੇ ਸ਼ਹਿਬਾਜ਼ ਖਾਨ ਅਤੇ ਉਨਾਂ ਦੀ ਸ਼ਰੀਕੇ ਹਯਾਤ ਬਾਰੇ ਆਪਣੀ ਨਵ ਲਿਖਤ ਰਚਨਾ ਪੜ੍ਹਦੇ ਹੋਏ ਆਏ ਹੋਏ ਮਹਿਮਾਨਾਂ ਨੂੰ ਸੰਬੋਧਿਤ ਕੀਤਾ। ਉਹਨਾਂ ਵੱਲੋਂ ਜ਼ਿਲਾ ਭਾਸ਼ਾ ਅਫ਼ਸਰ, ਕਪੂਰਥਲਾ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ ਗਈ। ਅੱਜ ਦੇ ਵਿਸ਼ੇਸ਼ ਮਹਿਮਾਨ ਡਾ. ਸਤਿੰਦਰਜੀਤ ਸਿੰਘ (ਸੰਨੀ ਪੱਖੋਕੇ) ਪ੍ਰੋਫ਼ੈਸਰ ਡੀ ਏ ਵੀ ਕਾਲਜ ਅੰਮ੍ਰਿਤਸਰ ਅਤਾ ਸੰਸਥਾਪਕ ਬੁੱਕ ਰੂਟ ਅੰਮ੍ਰਿਤਸਰ ਵੱਲੋਂ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੁਸਤਕ ਗੋਸ਼ਟੀ ਵਿੱਚ ਅਜਿਹਾ ਮਾਹੌਲ ਸਿਰਜਿਆ ਜਾਣਾ ਆਪਣੇ ਆਪ ਵਿੱਚ ਬਹੁਤ ਵਧੀਆ ਹੈ। ਉਹਨਾਂ ਨੇ ਦੱਸਿਆ ਕਿ ਲਹਿੰਦੇ ਪੰਜਾਬ ਦੇ ਸਾਹਿਤ ਦਾ ਲਿਪੀਅੰਤਰਨ ਸ਼ਹਿਬਾਜ਼ ਖ਼ਾਨ ਦੇ ਹਿੱਸੇ ਆਇਆ ਹੈ ਜਿਸ ਨੂੰ ਉਹਨਾਂ ਨੇ ਬਾਖ਼ੂਬੀ ਨਿਭਾਇਆ ਹੈ। ਸਹਾਇਕ ਪ੍ਰੋਫ਼ੈਸਰ ਡਾ. ਸੰਦੀਪ ਸਿੰਘ, ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਗਈ। ਉਹਨਾਂ ਵੱਲੋਂ ਨਾਵਲ ਵਿੱਚ ਦਰਸਾਏ ਮਰਦ ਪ੍ਰਧਾਨ ਸਮਾਜ ਅਤੇ ਉਹਨਾਂ ਦੇ ਨਜ਼ਰੀਏ ਦੀ ਗੱਲ ਕੀਤੀ।

ਸਮਾਗਮ ਦੇ ਅੰਤ ਵਿੱਚ ਸ਼੍ਰੀਮਤੀ ਜਸਪ੍ਰੀਤ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਅਜਿਹੀਆਂ ਮਾਣਮੱਤੀਆਂ ਸ਼ਖ਼ਸੀਅਤਾਂ ਦੀ ਹਾਜ਼ਰੀ ਨਾਲ ਅਤੇ ਉਹਨਾਂ ਦੇ ਵਿਚਾਰਾਂ ਨੂੰ ਸੁਣਦਿਆਂ ਹੋਰ ਵੀ ਸਾਰਥਕ ਹੋ ਜਾਂਦੇ ਹਨ। ਅੰਤ ਵਿੱਚ ਉਹਨਾਂ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਇਸਦੇ ਨਾਲ ਹੀ ਸ਼ਹਿਬਾਜ਼ ਖ਼ਾਨ ਅਤੇ ਮੁਨੱਜ਼ਾ ਇਰਸ਼ਾਦ ਨੂੰ ਸਨਮਾਨ ਪੱਤਰ ਭੇਂਟ ਕੀਤਾ ਗਿਆ।

ਇਸ ਸਮਾਗਮ ਮੌਕੇ ਸ. ਇੰਦਰਜੀਤ ਸਿੰਘ ਰੂਪੋਵਾਲੀ ਅਤੇ ਉਹਨਾਂ ਦੀ ਪਤਨੀ ਸਰਬਜੀਤ ਰੂਪੋਵਾਲੀ (ਇਪਟਾ ਕਪੂਰਥਲਾ) ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਮਾਗਮ ਵਿੱਚ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ, ਪ੍ਰਬੰਧਕਾਂ, ਬੁਲਾਰਿਆਂ, ਮੰਚ ਸੰਚਾਲਕ ਦੇ ਨਾਲ ਸ. ਗੁਰਭਜਨ ਸਿੰਘ ਲਾਸਾਨੀ, ਡਾ. ਗੁਰਬਖ਼ਸ਼ ਸਿੰਘ ਭੰਡਾਲ, ਸਰਵਣ ਸਿੰਘ ਔਜਲਾ (ਸਟੇਟ ਐਵਾਰਡੀ), ਡਾ. ਹਰਭਜਨ ਸਿੰਘ, ਰਵਿੰਦਰ ਕੌਰ, ਹਰਜਿੰਦਰ ਸਿੰਘ ਨਾਗਲੂ, ਸੰਤੋਖ ਮੱਲ੍ਹੀ, ਰਿਤੂ ਸੂਦ, ਅਵਿਨਾਸ਼ ਭੱਲਾ, ਮਲਕੀਤ ਸਿੰਘ ਮੀਤ, ਸਵਰਾਜ ਕੌਰ, ਮਨੀਸ਼ ਕੁਮਾਰ ਅਤੇ ਮਨਪ੍ਰੀਤ ਕੌਰ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਨੇ ਐਸ.ਆਈ.ਆਰ. ਗਤੀਵਿਧੀਆਂ ਦਾ ਜਾਇਜ਼ਾ ਲੈਣ ਲਈ ਨੋਡਲ ਅਫ਼ਸਰਾਂ ਨਾਲ ਕੀਤੀ ਮੀਟਿੰਗ

## ਸਪੈਸ਼ਲ ਇੰਟੈਂਸਿਵ ਰਿਵੀਜ਼ਨ ਪ੍ਰਕਿਰਿਆ ਦੌਰਾਨ ਲੋਕਾਂ ਦੀ ਸਹੂਲਤ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਨੇ ਅੱਜ ਜ਼ਿਲ੍ਹੇ ਵਿੱਚ ਚੱਲ ਰਹੀਆਂ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਐਸ.ਆਈ.ਆਰ ਦੀਆਂ ਗਤੀਵਿਧੀਆਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਨਿਯੁਕਤ ਕੀਤੇ ਗਏ ਨੋਡਲ ਅਫ਼ਸਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੌਕੇ 'ਤੇ ਸਹਾਇਕ ਕਮਿਸ਼ਨਰ ਜਨਰਲ ਰਮਨਜੀਤ ਵੀ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਨਿਯੁਕਤ ਕੀਤੇ ਗਏ ਨੋਡਲ ਅਫ਼ਸਰ ਸ਼ਿਕਾਇਤ ਨਿਵਾਰਣ, ਆਈ.ਟੀ. ਸਬੰਧੀ ਸਮੱਸਿਆਵਾਂ ਦੇ ਹੱਲ, ਟ੍ਰੇਨਿੰਗ ਪ੍ਰਬੰਧਨ, ਸਮੱਗਰੀ ਪ੍ਰਬੰਧਨ, ਮੀਡੀਆ ਮੋਨੀਟਰਿੰਗ ਤੇ ਸੋਸ਼ਲ ਮੀਡੀਆ ਤਾਲਮੇਲ, ਸਵੀਪ ਜਾਗਰੂਕਤਾ ਗਤੀਵਿਧੀਆਂ, ਐਸ.ਆਈ.ਆਰ. ਸਬੰਧੀ



ਅਹਿਮ ਮੁੱਦਿਆਂ ਦੀ ਰਿਪੋਰਟਿੰਗ, ਕਾਨੂੰਨੀ ਮਾਮਲੇ, ਬੀ.ਐਲ.ਓਜ਼ ਦੀ ਭਲਾਈ ਅਤੇ ਹੈਲਪ ਡੈਸਕ ਸੰਚਾਲਨ ਵਰਗੇ ਮਹੱਤਵਪੂਰਨ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਬਿਹਤਰ ਤਾਲਮੇਲ ਅਤੇ ਰਿਵੀਜ਼ਨ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਹਾਇਕ ਨੋਡਲ ਅਫ਼ਸਰ ਵੀ ਲਗਾਏ ਗਏ ਹਨ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਅੱਗੇ ਕਿਹਾ ਕਿ ਇਹ ਟੀਮਾਂ ਐਸ.ਆਈ.ਆਰ. ਪ੍ਰਕਿਰਿਆ ਦੌਰਾਨ ਲੋਕਾਂ ਦੀ ਸਹਾਇਤਾ ਵੀ ਕਰਨਗੀਆਂ ਅਤੇ ਇਹ ਯਕੀਨੀ ਬਣਾਉਣਗੀਆਂ ਕਿ ਯੋਗ ਵੋਟਰਾਂ ਨੂੰ ਦਸਤਾਵੇਜ਼ੀ ਅਤੇ ਤਸਦੀਕੀ ਕਾਰਵਾਈ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸਾਰੇ ਸਬੰਧਤ ਅਧਿਕਾਰੀਆਂ ਨੂੰ ਪੂਰੀ ਤਨਦੇਹੀ, ਪਾਰਦਰਸ਼ਤਾ ਅਤੇ ਜਵਾਬਦੇਹੀ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਕਾਂ ਦੀ ਐਸ.ਆਈ.ਆਰ. ਸਬੰਧੀ ਸਮੱਸਿਆਵਾਂ ਦੇ ਹੱਲ ਲਈ ਇੱਕ ਸਮਰਪਿਤ ਹੈਲਪ ਡੈਸਕ ਅਤੇ ਸ਼ਿਕਾਇਤ ਸੈੱਲ ਵੀ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਨੋਡਲ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਐਸ.ਆਈ.ਆਰ ਪ੍ਰਕਿਰਿਆ ਦੌਰਾਨ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਾ ਆਵੇ, ਇਸ ਲਈ ਫੀਲਡ ਸਟਾਫ ਨੂੰ ਸੰਵੇਦਨਸ਼ੀਲ ਅਤੇ ਸਹਾਇਕ ਰਵੱਈਆ ਅਪਨਾਉਣ ਲਈ ਕਿਹਾ ਜਾਵੇ। ਇਸ ਮੌਕੇ 'ਤੇ ਚੋਣ ਤਹਿਸੀਲਦਾਰ ਅਮਨਦੀਪ ਸਿੰਘ ਵੀ ਹਾਜ਼ਰ ਸਨ।

# ਮਨੁੱਖਤਾ ਲਈ ਮਿਸਾਲ ਬਣੇ ਦੇਹਦਾਨੀ ਰਾਮ ਪ੍ਰਕਾਸ਼

● ਦੋਆਬਾ ਸੇਵਾ ਸਮਿੱਤੀ ਵੱਲੋਂ ਪ੍ਰੇਰਿਤ 149ਵੇਂ ਦੇਹਦਾਨੀ ਨੂੰ ਸਿਵਲ ਸਰਜਨ ਨੇ ਭੇਟ ਕੀਤਾ 'ਦੇਹਦਾਨ ਕਾਰਡ ● ਦੇਹਦਾਨ ਨਾਲ ਮੈਡੀਕਲ ਸਿੱਖਿਆ, ਖੋਜ ਅਤੇ ਮਨੁੱਖਤਾ ਨੂੰ ਮਿਲਦੀ ਹੈ ਨਵੀਂ ਤਾਕਤ


**ਨਵਾਂਸ਼ਹਿਰ, 25 ਜੂਨ (ਮਨੋਰੰਜਨ ਕਾਲੀਆ)::** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਿਵਲ ਸਰਜਨ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਵੀਰਵਾਰ ਨੂੰ ਦੇਹਦਾਨ ਜਾਗਰੂਕਤਾ ਸਬੰਧੀ ਇੱਕ ਪ੍ਰੇਰਨਾਦਾਇਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਪਿੰਡ ਮੀਰਪੁਰ ਜੱਟਾਂ ਦੇ ਵਸਨੀਕ ਸ਼੍ਰੀ ਰਾਮ ਪ੍ਰਕਾਸ਼ ਪੁੱਤਰ ਸ਼੍ਰੀ ਦੀਵਾਨ ਚੰਦ ਨੂੰ ਮਰਨ ਉਪਰੰਤ ਦੇਹਦਾਨ ਕਰਨ ਦੇ ਮਹਾਨ ਫੈਸਲੇ ਲਈ ਸਨਮਾਨਿਤ ਕਰਦਿਆਂ 'ਦੇਹਦਾਨ ਕਾਰਡ' ਭੇਟ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਕਿਹਾ ਕਿ ਦੇਹਦਾਨ ਮਨੁੱਖੀ ਜੀਵਨ ਦੀ ਆਖਰੀ ਅਤੇ ਸਭ ਤੋਂ ਵੱਡੀ ਸਮਾਜ ਸੇਵਾ ਹੈ। ਉਨ੍ਹਾਂ ਕਿਹਾ ਕਿ ਜਦੋਂ ਇੱਕ ਮ੍ਰਿਤਕ ਦੇਹ ਮੈਡੀਕਲ ਵਿਦਿਆਰਥੀਆਂ ਦੀ ਸਿੱਖਿਆ, ਖੋਜ ਅਤੇ ਭਵਿੱਖ ਦੇ ਇਲਾਜਾਂ ਲਈ ਵਰਤੀ ਜਾਂਦੀ ਹੈ ਤਾਂ ਉਹ ਅਨੇਕਾਂ ਜ਼ਿੰਦਗੀਆਂ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਐੱਮ.ਬੀ.ਬੀ.ਐੱਸ. ਅਤੇ ਹੋਰ ਮੈਡੀਕਲ ਕੋਰਸਾਂ ਦੇ ਵਿਦਿਆਰਥੀਆਂ ਲਈ ਮਨੁੱਖੀ ਸਰੀਰ ਦੀ ਬਣਤਰ ਅਤੇ ਅੰਗਾਂ ਦੀ ਕਾਰਗੁਜ਼ਾਰੀ ਨੂੰ ਵਿਹਾਰਕ ਤੌਰ 'ਤੇ ਸਮਝਣ ਲਈ ਦੇਹਦਾਨ ਬੇਹੱਦ ਜ਼ਰੂਰੀ ਹੈ।



ਦੇਹਦਾਨੀਆਂ ਦਾ ਇਹ ਯੋਗਦਾਨ ਹੀ ਭਵਿੱਖ ਦੇ ਮਾਹਿਰ ਅਤੇ ਕੁਸ਼ਲ ਡਾਕਟਰ ਤਿਆਰ ਕਰਨ ਦੀ ਮਜ਼ਬੂਤ ਨੀਂਹ ਬਣਦਾ ਹੈ। ਸਿਵਲ ਸਰਜਨ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਮਹਾਨ ਮਨੁੱਖਤਾਵਾਦੀ ਅਭਿਆਨ ਨਾਲ ਜੁੜਨ ਅਤੇ ਮੌਤ ਤੋਂ ਬਾਅਦ ਵੀ ਸਮਾਜ ਦੀ ਭਲਾਈ ਲਈ ਯੋਗਦਾਨ ਪਾਉਣ ਦਾ ਸੰਕਲਪ ਲੈਣ। ਉਨ੍ਹਾਂ ਕਿਹਾ ਕਿ ਦੇਹਦਾਨ ਲਈ ਸਵੈ-ਇੱਛੁੱਕ ਵਿਅਕਤੀ ਨਿਰਧਾਰਿਤ ਫਾਰਮ ਭਰ ਕੇ ਆਪਣੇ ਪਰਿਵਾਰਕ ਮੈਂਬਰਾਂ ਦੀ ਸਹਿਮਤੀ ਨਾਲ ਇਹ ਨੇਕ ਕਾਰਜ ਅਪਨਾ ਸਕਦੇ ਹਨ। ਇਸ ਮੌਕੇ ਸਿਵਲ ਸਰਜਨ ਨੇ ਦੋਆਬਾ ਸੇਵਾ ਸਮਿੱਤੀ, ਨਵਾਂਸ਼ਹਿਰ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ, ਮਾਸਟਰ ਹੁਸਨ ਲਾਲ, ਸੇਵਾਮੁਕਤ ਬੈਂਕ ਮੈਨੇਜਰ ਅਸ਼ੋਕ ਸ਼ਰਮਾ, ਸਰਪੰਚ ਰਣਜੀਤ ਸਿੰਘ, ਦਲਬੀਰ ਸਿੰਘ ਅਤੇ ਸਮੂਹ ਟੀਮ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਵਿੱਚ ਦੇਹਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਵਿੱਚ ਸੰਸਥਾ ਦੀ ਭੂਮਿਕਾ ਬਹੁਤ ਹੀ ਸ਼ਲਾਘਾਯੋਗ ਹੈ।ਦੋਆਬਾ ਸੇਵਾ ਸਮਿੱਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵੱਲੋਂ ਹੁਣ ਤੱਕ 149 ਵਿਅਕਤੀਆਂ ਨੂੰ ਦੇਹਦਾਨ ਲਈ ਪ੍ਰੇਰਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸੰਸਥਾ ਦੇਹਦਾਨ ਸਬੰਧੀ ਸਾਰੀ ਪ੍ਰਕਿਰਿਆ ਵਿੱਚ ਸਵੈ-ਇੱਛੁੱਕ ਵਿਅਕਤੀਆਂ ਦੀ ਸਹਾਇਤਾ ਕਰਦੀ ਹੈ ਅਤੇ ਸਰਕਾਰੀ ਮੈਡੀਕਲ ਕਾਲਜਾਂ ਨਾਲ ਤਾਲਮੇਲ ਬਣਾ ਕੇ ਪਛਾਣ-ਪੱਤਰ ਜਾਰੀ ਕਰਵਾਉਂਦੀ ਹੈ। ਦੇਹਦਾਨੀ ਰਾਮ ਪ੍ਰਕਾਸ਼ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਜੋਗਾ ਸਿੰਘ, ਰਣਜੀਤ ਸਿੰਘ, ਨੂੰਹਾਂ ਸਤਵਿੰਦਰ ਕੌਰ ਤੇ ਸੰਦੀਪ ਕੌਰ ਦੀ ਸਹਿਮਤੀ ਨਾਲ ਇਹ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਮੌਤ ਤੋਂ ਬਾਅਦ ਸਰੀਰ ਮਿੱਟੀ ਵਿੱਚ ਮਿਲ ਜਾਂਦਾ ਹੈ, ਪਰ ਜੇਕਰ ਇਹੀ ਦੇਹ ਮੈਡੀਕਲ ਸਿੱਖਿਆ ਅਤੇ ਖੋਜ ਰਾਹੀਂ ਭਵਿੱਖ ਵਿੱਚ ਕਿਸੇ ਦੀ ਜਾਨ ਬਚਾਉਣ ਦਾ ਕਾਰਨ ਬਣੇ ਤਾਂ ਇਸ ਤੋਂ ਵੱਡਾ ਪੁੰਨ ਅਤੇ ਮਨੁੱਖਤਾ ਦੀ ਸੇਵਾ ਹੋਰ ਕੋਈ ਨਹੀਂ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ, ਸਿਹਤ ਵਿਭਾਗ ਦੇ ਅਧਿਕਾਰੀ, ਦੋਆਬਾ ਸੇਵਾ ਸਮਿੱਤੀ ਦੇ ਮੈਂਬਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਮਾਵਾਂ-ਧੀਆਂ ਦੇ ਸਤਿਕਾਰ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵਚਨਬੱਧ: ਚੇਅਰਮੈਨ ਸਤਨਾਮ ਜਲਾਲਪੁਰ

**ਨਵਾਂਸ਼ਹਿਰ, 25 ਜੂਨ (ਜਤਿੰਦਰਪਾਲ ਸਿੰਘਕਲੇਰ):** ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਔਰਤਾਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਦੇ ਮਾਣ-ਸਤਿਕਾਰ ਨੂੰ ਬਹਾਲ ਕਰਨ ਲਈ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੰਜਾਬ ਦੀਆਂ ਔਰਤਾਂ ਲਈ ਖੁਸ਼ੀਆਂ ਦਾ ਖ਼ਜ਼ਾਨਾ ਖੋਲ੍ਹਦੇ ਹੋਏ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਹਰ ਮਾਂ ਅਤੇ ਧੀ ਦੇ ਸੁਪਨਿਆਂ ਨੂੰ ਖੰਭ ਦੇਣ ਅਤੇ ਉਨ੍ਹਾਂ ਨੂੰ ਆਤਮ-



ਨਿਰਭਰ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਚੇਅਰਮੈਨ ਸਤਨਾਮ ਜਲਾਲਪੁਰ ਨੇ ਯੋਜਨਾ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਆਗਾਮੀ 1 ਜੁਲਾਈ ਨੂੰ ਪੰਜਾਬ ਦੀਆਂ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਇਕੱਠੇ 3 ਮਹੀਨਿਆਂ ਦੇ ਪੈਸੇ ਟ੍ਰਾਂਸਫਰ ਕੀਤੇ ਜਾਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਯੋਜਨਾ ਦੇ ਤਹਿਤ ਜਨਰਲ ਵਰਗ ਦੀਆਂ ਮਹਿਲਾਵਾਂ ਨੂੰ ਰੁਪਏ 3000 ਅਤੇ ਐੱਸ.ਸੀ. ਵਰਗ ਦੀਆਂ ਮਹਿਲਾਵਾਂ ਨੂੰ ਰੁਪਏ 4500 ਦੀ ਵਿੱਤੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕੇਵਲ ਇੱਕ ਆਰਥਿਕ ਸਹਾਇਤਾ ਨਹੀਂ ਹੈ, ਬਲਕਿ ਸਾਡੀ ਨੀਅਤ ਅਤੇ ਪੰਜਾਬ ਦੇ ਹਰ ਪਰਿਵਾਰ ਨੂੰ ਖੁਸ਼ਹਾਲ ਦੇਖਣ ਦੇ ਵਾਅਦੇ ਦਾ ਪ੍ਰਤੀਕ ਹੈ। ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਜੋ ਕਹਿੰਦੀ ਹੈ, ਉਹ ਕਰਕੇ ਦਿਖਾਉਂਦੀ ਹੈ। ਇਹ ਸਕੀਮ ਪੰਜਾਬ ਦੇ ਇਤਿਹਾਸ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗੀ ਅਤੇ ਇਸ ਨਾਲ ਮਹਿਲਾਵਾਂ ਸਮਾਜ ਵਿੱਚ ਵਧੇਰੇ ਮਜ਼ਬੂਤ ਅਤੇ ਆਤਮ-ਨਿਰਭਰ ਹੋ ਸਕਣਗੀਆਂ। ਚੇਅਰਮੈਨ ਜਲਾਲਪੁਰ ਨੇ ਸੂਬੇ ਦੇ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਆਓ, ਸਾਰੇ ਇਕੱਠੇ ਮਿਲ ਕੇ ਇੱਕ ਨਵੇਂ ਅਤੇ ਉੱਨਤ ਪੰਜਾਬ ਦਾ ਨਿਰਮਾਣ ਕਰੀਏ, ਜਿੱਥੇ ਹਰ ਔਰਤ ਸਤਿਕਾਰ ਅਤੇ ਪੂਰੇ ਮਾਣ-ਸਨਮਾਨ ਨਾਲ ਆਪਣੀ ਜ਼ਿੰਦਗੀ ਜੀ ਸਕੇ।

# ਸੰਸਥਾ ਪੰਜਾਬੀ ਲਿਸਨਰਜ਼ ਕਲੱਬ ਬਜ਼ੁਰਗ ਪੰਜਾਬੀਆਂ ਲਈ ਲੰਚ ਕਲੱਬ ਸ਼ੁਰੂ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ

**ਸਮਾਜ ਵੀਕਲੀ ਯੂ ਕੇ ਲੈਸਟਰ** – 1995 ਵਿੱਚ ਸਥਾਪਿਤ ਸਵੈਛਿਕ ਸੰਸਥਾ ਪੰਜਾਬੀ ਲਿਸਨਰਜ਼ ਕਲੱਬ, ਜਿਸ ਨੇ ਯੂਕੇ ਦੀਆਂ ਰਜਿਸਟਰਡ ਚੈਰਿਟੀਆਂ ਲਈ ਹਜ਼ਾਰਾਂ ਪੌਂਡ ਇਕੱਠੇ ਕੀਤੇ ਹਨ, ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਓਡਬੀ ਅਤੇ ਵਿਗਸਟਨ ਦੇ ਬਜ਼ੁਰਗ ਪੰਜਾਬੀਆਂ ਲਈ ਇੱਕ ਲੰਚ ਕਲੱਬ ਸ਼ੁਰੂ ਕਰਨ ਵਿੱਚ ਆਪਣਾ ਛੋਟਾ ਜਿਹਾ ਯੋਗਦਾਨ ਪਾ ਰਹੀ ਹੈ। ਇਹ ਕਲੱਬ ਸੋਮਵਾਰ, 29 ਜੂਨ 2026 ਨੂੰ ਬਾਰਨਾਬਾਸ ਸੈਂਟਰ, ਸੇਂਟ ਪਾਲਜ਼ ਕਲੋਜ਼, EfbI, ਲੈਸਟਰ, LE2 4LZ ਵਿਖੇ ਸ਼ੁਰੂ ਹੋਵੇਗਾ।

ਸੰਗਤ ਗਰੁੱਪ ਦੀਆਂ ਗਤੀਵਿਧੀਆਂ ਵਿੱਚ ਕੁਰਸੀਆਂ ’ਤੇ ਬੈਠ ਕੇ ਕੀਤੀਆਂ ਜਾਣ ਵਾਲੀਆਂ ਕਸਰਤਾਂ ਅਤੇ ਹਲਕੀਆਂ ਸੈਰਾਂ ਸ਼ਾਮਲ ਹੋਣਗੀਆਂ। ਇਸ ਤੋਂ ਬਾਅਦ ਸਿਹਤਮੰਦ ਨਾਸ਼ਤਾ ਅਤੇ ਤਾਜ਼ਗੀ ਭਰੇ ਪੇਅ ਪ੍ਰਦਾਨ ਕੀਤੇ ਜਾਣਗੇ।

ਇਸ ਮੌਕੇ ’ਤੇ ਆਯੋਜਕਾਂ ਵਿੱਚੋਂ ਇੱਕ ਕੌਂਸਲਰ ਸੰਤੋਖ ਸਿੰਘ ਅਥਵਾਲ ਨੇ ਕਿਹਾ: “ਵਾਹਿਗੁਰੂ ਜੀ ਕਾ ਖਾਲਸਾ,


TARLOCHAN SINGH VIRK

ਵਾਹਿਗੁਰੂ ਜੀ ਕੀ ਫਤਹਿ ਵਿਰਕ ਸਾਹਿਬ ਜੀ। ਤੁਸੀਂ ਸਾਡੇ ਬਜ਼ੁਰਗਾਂ ਨੂੰ ਖੁਸ਼ ਅਤੇ ਤੰਦਰੁਸਤ ਰੱਖਣ ਲਈ ਬਹੁਤ ਹੀ ਸ਼ਾਨਦਾਰ ਉਪਰਾਲੇ ਕਰ ਰਹੇ ਹੋ। ਮੈਂ ਮਹਾਰਾਜ ਜੀ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਤੁਹਾਨੂੰ ਚੰਗੀ ਸਿਹਤ ਅਤੇ ਚੜ੍ਹਦੀ ਕਲਾ ਦੀ ਬਖ਼ਸ਼ਿਸ਼ ਕਰਨ।”


ਹਰ ਸੋਮਵਾਰ ਸਵੇਰੇ 11:00 ਵਜੇ ਤੋਂ ਦੁਪਹਿਰ 12:30 ਵਜੇ ਤੱਕ ਹੋਣ ਵਾਲੇ ਇਸ ਇਕੱਠ ਦਾ ਉਦੇਸ਼ ਬਜ਼ੁਰਗ ਪੰਜਾਬੀਆਂ ਵਿੱਚ ਇਕੱਲੇਪਣ ਨੂੰ ਘਟਾਉਣਾ ਅਤੇ ਉਨ੍ਹਾਂ ਦੀ ਸਮੁੱਚੀ ਸਿਹਤ ਵਿੱਚ ਸੁਧਾਰ ਲਿਆਉਣਾ ਹੈ। ਫਾਰਮ ਭਰਨ ਵਿੱਚ ਵੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਸਮੇਂ-ਸਮੇਂ ’ਤੇ ਵਿਸ਼ੇਸ਼ ਸਿਹਤ ਮਾਹਿਰ ਵੀ ਸਿਹਤ ਸੰਬੰਧੀ ਜਾਣਕਾਰੀ ਅਤੇ ਭਾਸ਼ਣ ਦੇਣ ਲਈ ਸ਼ਾਮਲ ਹੋਣਗੇ।

**ਬ੍ਰਿਟਿਸ਼ ਹਾਰਟ ਫਾਊਂਡੇਸ਼ਨ (BHF) ਦੇ ਲੈਸਟਰਸ਼ਾਇਰ ਐਂਬੈਸਡਰ ਸੁਲੱਖਣ ਸਿੰਘ ਦਰਦ ਨੇ ਕਿਹਾ:**

“ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਦਿਲ ਦੀਆਂ ਬਿਮਾਰੀਆਂ ਅਤੇ ਸ਼ੂਗਰ (ਡਾਇਬੀਟੀਜ਼) ਦਾ ਅਨੁਪਾਤ ਵੱਧ ਹੈ, ਜਿਸ ਦਾ ਮੁੱਖ ਕਾਰਨ ਕਸਰਤ ਦੀ ਘਾਟ ਅਤੇ ਤੇਲ, ਖੰਡ ਅਤੇ ਨਮਕ ਵਾਲੇ ਭੋਜਨ ਦੀ ਵੱਧ ਵਰਤੋਂ ਹੈ। ਮੈਨੂੰ ਯਾਦ ਹੈ ਕਿ ਸ੍ਰੀ ਵਿਰਕ ਜੀ ਦੇ ਪਿਤਾ, ਸ੍ਰੀ ਝਲਮਣ ਸਿੰਘ ਜੀ ਨੇ ਸਖ਼ਤ ਖੁਰਾਕ, ਹਰ ਰੋਜ਼ 30 ਮਿੰਟ ਕਸਰਤ ਅਤੇ ਦਵਾਈ ਦੀ ਮਦਦ ਨਾਲ ਆਪਣੀ ਟਾਈਪ-2 ਡਾਇਬੀਟੀਜ਼ ’ਤੇ ਕਾਬੂ ਪਾ ਲਿਆ ਸੀ।”

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਮੱਟਨ ਵਿਖੇ ਰਾਸ਼ਟਰੀ ਪੱਧਰੀ ਸੈਮੀਨਾਰ ਅਤੇ ਪ੍ਰਦਰਸ਼ਨੀ ਦਾ ਆਯੋਜਨ





**ਬਰਨਾਲਾ (ਚੰਡਿਹੋਕ)** ਉੱਤਰੀ ਖੇਤਰੀ ਸੱਭਿਆਚਾਰਕ ਕੇਂਦਰ (NZCC), ਸੱਭਿਆਚਾਰ ਮੰਤਰਾਲਾ, ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੂਏਜਿਜ਼ (ਝਖਅਅਛ਼ਲ) ਦੇ ਸਹਿਯੋਗ ਨਾਲ ਅੱਜ ਗੁਰਦੁਆਰਾ ਗੁਰੂ ਨਾਨਕ ਦੇਵ ਜੀ, ਮੱਟਨ (ਅਨੰਤਨਾਗ) ਦੇ ਨਾਲ ਲੱਗਦੇ ਮੈਦਾਨ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਰਾਸ਼ਟਰੀ ਪੱਧਰੀ ਸੈਮੀਨਾਰ ਅਤੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ, ਉਪਦੇਸ਼ਾਂ, ਫ਼ਲਸਫ਼ੇ ਅਤੇ ਮਹਾਨ ਸ਼ਹਾਦਤ ਨੂੰ ਦਰਸਾਉਂਦੀਆਂ ਚਿੱਤਰਕਲਾਵਾਂ ਦੀ ਇੱਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਗਾਈ ਗਈ। ਪ੍ਰਦਰਸ਼ਨੀ ਦਾ ਉਦਘਾਟਨ ਜੰਮੂ-ਕਸ਼ਮੀਰ ਸਰਕਾਰ ਦੇ ਸੱਭਿਆਚਾਰ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀ ਬ੍ਰਿਜ ਮੋਹਨ ਸ਼ਰਮਾ, ਆਈ.ਏ.ਐਸ. ਨੇ ਮੁੱਖ ਮਹਿਮਾਨ ਵਜੋਂ ਕੀਤਾ।

ਵਕਤਾਵਾਂ ਨੇ ਆਪਣੇ ਸੰਬੋਧਨਾਂ ਵਿੱਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੀ ਅਜੋਕੀ ਪ੍ਰਸੰਗਿਕਤਾ ਉੱਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਸੰਦੇਸ਼ ਸਹਿਣਸ਼ੀਲਤਾ, ਦਇਆ, ਇਨਸਾਫ਼ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਨੂੰ ਪ੍ਰੇਰਿਤ ਕਰਦਾ ਹੈ। ਉਨ੍ਹਾਂ ਨੇ ਧਾਰਮਿਕ ਆਜ਼ਾਦੀ, ਮਨੁੱਖੀ ਮਾਣ-ਸਨਮਾਨ ਅਤੇ ਸਾਰੇ ਭਾਈਚਾਰਿਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਗੁਰੂ ਸਾਹਿਬ ਵੱਲੋਂ ਦਿੱਤੀ ਗਈ ਅਦੁੱਤੀ ਕੁਰਬਾਨੀ ਨੂੰ ਵੀ ਯਾਦ ਕੀਤਾ।

ਸੈਮੀਨਾਰ ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ, ਉਪਦੇਸ਼ਾਂ, ਫ਼ਲਸਫ਼ੇ ਅਤੇ ਸ਼ਹਾਦਤ ਨਾਲ ਸੰਬੰਧਿਤ ਪੰਜ ਖੋਜ-ਪੱਤਰ ਪ੍ਰਸਿੱਧ ਵਿਦਵਾਨਾਂ ਅਤੇ ਲੇਖਕਾਂ ਅਜੀਤ ਸਿੰਘ ਮਸਤਾਨਾ, ਸਤੀਸ਼ ਵਿਮਲ, ਨਵਤੇਜ ਸਿੰਘ, ਡਾ. ਅਰਵਿੰਦਰ ਸਿੰਘ ਅਮਨ ਅਤੇ ਡਾ. ਹਰਸਿਮਰਨ ਸਿੰਘ ਵੱਲੋਂ ਪੇਸ਼ ਕੀਤੇ ਗਏ। ਇਨ੍ਹਾਂ ਪੇਸ਼ਕਾਰੀਆਂ ਨੇ ਨੌਵੇਂ ਸਿੱਖ ਗੁਰੂ ਦੇ ਆਧਿਆਤਮਿਕ, ਸਮਾਜਿਕ ਅਤੇ ਇਤਿਹਾਸਕ ਯੋਗਦਾਨਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ।

ਇਸ ਤੋਂ ਪਹਿਲਾਂ ਸ਼੍ਰੀ ਜਰਨੈਲ ਸਿੰਘ, ਸਹਾਇਕ ਨਿਰਦੇਸ਼ਕ, ਐਨ.ਜ਼ੈੱਡ.ਸੀ.ਸੀ. ਨੇ ਐਨ.ਜ਼ੈੱਡ.ਸੀ.ਸੀ. ਅਤੇ ਜੇ.ਕੇ.ਏ.ਏ.ਸੀ.ਐਲ. ਦੀ ਤਰਫ਼ੋਂ ਆਏ ਹੋਏ ਵਿਸ਼ੇਸ਼ ਮਹਿਮਾਨਾਂ, ਵਿਦਵਾਨਾਂ, ਭਾਗੀਦਾਰਾਂ ਅਤੇ ਸੰਗਤ ਦਾ ਸਵਾਗਤ ਕੀਤਾ ਅਤੇ ਸਵਾਗਤੀ ਭਾਸ਼ਣ ਪੇਸ਼ ਕੀਤਾ।

ਸਮਾਗਮ ਵਿੱਚ ਸਾਹਿਤਕਾਰਾਂ, ਬੁੱਧੀਜੀਵੀਆਂ, ਸ਼ਰਧਾਲੂਆਂ, ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਸ਼੍ਰੀ ਅਸ਼ੋਕ ਕੁਮਾਰ ਸਿੱਧਾ, ਪ੍ਰਧਾਨ, ਮਾਰਤੰਡ ਤੀਰਥ ਟਰੱਸਟ ਮੱਟਨ, ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਜੀ.ਪੀ.ਸੀ.) ਅਨੰਤਨਾਗ ਦੇ ਨੁਮਾਇੰਦੇ ਅਤੇ ਇਲਾਕੇ ਦੀ ਵੱਡੀ ਗਿਣਤੀ ਸੰਗਤ ਸ਼ਾਮਲ ਸੀ।

ਸ਼੍ਰੀ ਪੋਪਿੰਦਰ ਸਿੰਘ ਪਰਾਸ, ਮੁੱਖ ਸੰਪਾਦਕ, ਸ਼ੀਰਾਜ਼ਾ ਪੰਜਾਬੀ, ਜੇ.ਕੇ.ਏ.ਏ.ਸੀ.ਐਲ. ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ, ਜਦਕਿ ਸ਼੍ਰੀ ਰਤਨ ਸਿੰਘ ਕਨਵਲ ਨੇ ਸੈਮੀਨਾਰ ਦੀ ਕਾਰਵਾਈ ਦਾ ਸੰਚਾਲਨ ਕੀਤਾ।

ਜ਼ਿਲ੍ਹਾ ਅਤੇ ਤਹਿਸੀਲ ਪ੍ਰਸ਼ਾਸਨ ਸਮੇਤ ਸਿਵਲ ਪ੍ਰਸ਼ਾਸਨ ਦੇ ਕਈ ਅਧਿਕਾਰੀਆਂ ਨੇ ਵੀ ਸਮਾਗਮ ਵਿੱਚ ਹਾਜ਼ਰੀ ਭਰੀ। ਸ਼੍ਰੀ ਅਦੀਲ ਸਲੀਮ, ਜੇ.ਕੇ.ਏ.ਐਸ., ਵਧੀਕ ਸਕੱਤਰ, ਜੇ.ਕੇ.ਏ.ਏ.ਸੀ.ਐਲ. ਵੀ ਇਸ ਮੌਕੇ ਮੌਜੂਦ ਸਨ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਪ੍ਰੇਰਿਤ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਅਤੇ ਪ੍ਰਸ਼ੰਸਕਾਂ ਨੇ ਉਤਸ਼ਾਹ ਨਾਲ ਇਸ ਸਮਾਗਮ ਵਿੱਚ ਭਾਗ ਲਿਆ।

ਆਯੋਜਕਾਂ ਨੇ ਜਾਣਕਾਰੀ ਦਿੱਤੀ ਕਿ ਅੱਜ ਉਦਘਾਟਿਤ ਕੀਤੀ ਗਈ ਇਹ ਪ੍ਰਦਰਸ਼ਨੀ 30 ਜੂਨ 2026 ਤੱਕ ਹਰ ਰੋਜ਼ ਸਵੇਰੇ 11:00 ਵਜੇ ਤੋਂ ਸ਼ਾਮ 5:00 ਵਜੇ ਤੱਕ ਆਮ ਲੋਕਾਂ ਲਈ ਖੁੱਲ੍ਹੀ ਰਹੇਗੀ, ਜਿਸ ਰਾਹੀਂ ਦਰਸ਼ਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ, ਉਪਦੇਸ਼ਾਂ ਅਤੇ ਮਹਾਨ ਸ਼ਹਾਦਤ ਬਾਰੇ ਚਿੱਤਰਕਲਾ ਅਤੇ ਇਤਿਹਾਸਕ ਵੇਰਵਿਆਂ ਰਾਹੀਂ ਜਾਣਕਾਰੀ ਪ੍ਰਾਪਤ ਕਰ ਸਕਣਗੇ।

# (ਟੂਣਾ ਟਾਮਣ ਹੁੰਦਾ ਅੰਧਵਿਸ਼ਵਾਸ)



ਅਸੀਂ ਤਰਕਸ਼ੀਲ ਬੰਦੇ, ਟੂਣਾ ਟਾਮਣ ਕਰਨ ਵਾਲਿਆਂ ਨੂੰ ਭਜਾਉਂਦੇ। ਪਰ ਨਿੱਕੀ ਜਿਹੀ ਬੱਚੀ ਸਾਡੀ, ਸਾਰੇ ਉਸ ਤੋਂ ਕਤਰਾਉਂਦੇ।ਜੇ ਖਾਣਾ ਪਾ ਕੇ ਦੇ ਦਈਏ ਤਾਂ ਥਾਂ ਥਾਂ ਰਹੇ ਖਿੰਡਾਉਂਦੀ। ਜੇ ਨਾ ਦੇਈਏ ਤਾਂ ਖਾਲੀ ਭਾਂਡੇ ਰਹੇ ਖੜਕਾਉਂਦੀ। ਜਿਵੇਂ ਟੂਣਾ ਟਾਮਣ ਕਰਨ ਵਾਲੇ ਨੂੰ ਹੋਰ ਕੋਈ ਕੰਮ ਨ੍ਹੀਂ ਹੁੰਦਾ। ਇਹਦੇ ਤੋਂ ਵੀ ਟਿਕ ਕੇ ਬੈਠ ਨ੍ਹੀਂ ਹੁੰਦਾ। ਝੂਠੀ ਮੂਠੀ ਦੇ ਚਮਚੇ ਹਿਲਾ ਕੇ,, ਝੂਠੀ ਮੂਠੀ ਦਾ ਖਾਣਾ ਵੰਡੇ। ਅਸੀਂ ਵੀ ਹੱਥ ਅੱਗੇ ਕਰਕੇ, ਪ੍ਰਸ਼ਾਦ ਉਸ ਤੋਂ ਲਈਏ। ਚਮਚੇ ਨਾਲ ਧਰਤੀ ਉੱਤੇ ਲਾਈਨਾਂ ਕੱਢੇ। ਮੱਥੇ ਉੱਤੇ ਭਬੂਤੀ ਲਾ ਕੇ,ਟਿੱਕਾ ਲਾਉਣ ਦਾ ਢੱਕਵੰਜ ਰ ਚ । ਅਸੀਂ ਹੱਸ ਹੱਸ ਦੂਹਰੇ ਹੁੰਦੇ ਜਾਈਏ, ਬੱਚੇ ਨਾਲ ਬੱਚਾ ਬਣ ਕੇ। ਕੱਪੜੇ ਵੀ ਕਹਿੰਦੀ, ਸਭ ਤੋਂ ਵਧੀਆ ਪਾਉਣੇ,ਰਹਿਣਾ ਬਣ ਠਣ ਕੇ। ਵੱਡੇ ਹੋ ਕੇ ਸਮਝ ਜਦੋਂ ਹੈ ਆਉਣੀ, ਫਿਰ ਟੂਣਾ ਕਰਨ ਵਾਲਿਆਂ ਦੀ, ਭੰਭੀਰੀ ਉਸ ਘੁਮਾਉਣੀ। ਬੱਚਿਆਂ ਨੇ ਉਹੋ ਜਿਹੇ ਬਣਨਾ, ਜਿਹੋ ਜਿਹੇ ਸੰਸਕਾਰ ਮਿਲਣੇ । ਵੱਡਿਆਂ ਬਜ਼ੁਰਗਾਂ ਦੇ ਸਤਿਕਾਰ ਮਿਲਣੇ। ਟੂਣਿਆਂ ਦੀ ਜੜ੍ਹ ,ਪੁਰਾਤਨਤਾ ਅਤੇ ਅਨਪੜਤਾ ਵਿੱਚ ਲੱਗਦੀ। ਆਧੁਨਿਕਤਾ ਦੇ ਦੌਰ ਵਿੱਚ, ਪੜੇ ਲਿਖਿਆਂ ਨੂੰ ਅਨਪੜਤਾ ਦੀ ਪੁੱਠ ਹੈ ਚੜ੍ਹਦੀ।,

ਮਨ ਜਿਨ੍ਹਾਂ ਦੇ ਕਮਜ਼ੋਰੇ ਹੁੰਦੇ, ਟੂਣਿਆਂ ਦੇ ਜੰਜਾਲ ਵਿੱਚ ਫਸੇ ਰਹਿੰਦੇ। ਸ਼ੇਰ ਦਿਲ ਲੋਕ ,ਆਪਣੇ ਹੌਸਲਿਆਂ ਨਾਲ, ਕਾਮਯਾਬੀ ਦੀਆਂ ਮੰਜ਼ਿਲਾਂ ਤੈਅ ਕਰ ਲੈਂਦੇ। ਟੂਣਾ ਕਈ ਬੰਦਿਆਂ ਲਈ, ਰੁਜ਼ਗਾਰ ਹੈ ਬਣਦਾ। ਚੰਗੇ ਭਲੇ ਸਿਆਣਿਆਂ ਨੂੰ, ਮੂਰਖ ਬਣਾ ਕੇ ਧੰਦਾ ਹੈ ਚੱਲਦਾ। ਜਿਵੇਂ ਹਰ ਐਕਸ਼ਨ ਦਾ ਰਿਐਕਸ਼ਨ ਹੈ ਹੁੰਦਾ। ਉਸੇ ਤਰਜ ਉੱਤੇ ਤਰਕਸ਼ੀਲਾਂ ਅਤੇ ਟੂਣੇ ਕਰਨ ਵਾਲਿਆਂ ਦਾ ਅਧਿਐਨ ਹੈ ਹੁੰਦਾ। ਆਓ ਜਾਗਰੂਕ ਸਮਾਜ ਬਣਾਈਏ ! ਇਸ ਨਾਮੁਰਾਦ ਲਾਹਣਤ ਤੋਂ ਛੁਟਕਾਰਾ ਪਾਈਏ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ–ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**







# ਪ੍ਰਸਿੱਧ ਕੱਪੜਾ ਵਪਾਰੀ ਕੈਲਾਸ਼ ਸ਼ਰਮਾ ਨੂੰ ਸਦਮਾ, ਪਤਨੀ ਸੰਤੋਸ਼ ਸ਼ਰਮਾ ਦਾ ਦੇਹਾਂਤ

**ਨਵਾਂਸ਼ਹਿਰ /ਕਾਠਗੜ੍ਹ, 25 ਜੂਨ (ਜਤਿੰਦਰ ਪਾਲ ਸਿੰਘ ਕਲੇਰ)** :ਮਾਰਕੀਟ ਕਾਠਗੜ੍ਹ ਦੇ ਪ੍ਰਸਿੱਧ ਕੱਪੜਾ ਵਪਾਰੀ ਅਤੇ ਸਨਾਤਨ ਧਰਮ ਸਭਾ ਦੇ ਸਾਬਕਾ ਪ੍ਰਧਾਨ ਕੈਲਾਸ਼ ਸ਼ਰਮਾ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਸੰਤੋਸ਼ ਸ਼ਰਮਾ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਇਸ ਦੁਖਦਾਈ ਖ਼ਬਰ ਨਾਲ ਨਗਰ ਕਾਠਗੜ੍ਹ ਅਤੇ ਇਲਾਕੇ ਦੇ ਦੁਕਾਨਦਾਰਾਂ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਸ੍ਰੀਮਤੀ ਸੰਤੋਸ਼ ਸ਼ਰਮਾ ਦੇ ਅਕਾਲ ਚਲਾਣੇ 'ਤੇ ਸਮੁੱਚੇ ਇਲਾਕੇ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਅੱਜ ਸਵੇਰੇ 11 ਵਜੇ ਕਾਠਗੜ੍ਹ ਦੇ ਸ਼ਮਸ਼ਾਨ ਘਾਟ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਪੂਰੀਆਂ ਧਾਰਮਿਕ ਰੀਤੀ-ਰਿਵਾਜਾਂ ਨਾਲ ਕਰ ਦਿੱਤਾ ਗਿਆ, ਜਿੱਥੇ ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਅਭਿਸ਼ੇਕ ਸ਼ਰਮਾ ਨੇ ਵਿਖਾਈ।

ਸਮਾਜ ਵੀਕਲੀ ਨਿਊਜ਼

ਇਸ ਮੌਕੇ ਹੋਈ ਅੰਤਿਮ ਯਾਤਰਾ ਵਿੱਚ ਸੈਂਕੜੇ ਨਮ ਅੱਖਾਂ ਨਾਲ ਲੋਕਾਂ ਨੇ ਸ਼ਾਮਿਲ ਹੋ ਕੇ ਸਵ. ਸੰਤੋਸ਼ ਸ਼ਰਮਾ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ।






ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਅਤੇ ਅੰਤਿਮ ਸੰਸਕਾਰ ਵਿੱਚ ਸ਼ਾਮਿਲ ਹੋਣ ਲਈ ਇਲਾਕੇ ਦੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਪਹੁੰਚੀਆਂ। ਇਨ੍ਹਾਂ ਵਿੱਚ ਮਾਰਕੀਟ ਪ੍ਰਧਾਨ ਰਾਜਕੁਮਾਰ ਆਨੰਦ, ਪ੍ਰਿੰਸੀਪਲ ਪ੍ਰੇਮ ਪ੍ਰਕਾਸ਼ ਸ਼ਰਮਾ, ਬੈਂਕ ਮੈਨੇਜਰ ਰਾਮ ਕੁਮਾਰ ਸ਼ਰਮਾ, ਤੇਜਪ-ਾਲ ਵਰਮਾ, ਰਜਿੰਦਰ ਸ਼ਰਮਾ, ਰਕੇਸ਼ ਸ਼ਰਮਾ, ਸਤਿੰਦਰ ਸ਼ਰਮਾ, ਕਮਲ ਅਨੰਦ, ਸੋਨੂ ਆਨੰਦ, ਅਨਿਲ ਦੱਤਾ, ਵਿਜੇ ਸ਼ਰਮਾ, ਇੰਸਪੈਕਟਰ ਰਾਜੇਸ਼ ਸ਼ਰਮਾ, ਸਿੰਘ ਰਾਮ ਸ਼ਰਮਾ, ਰਾਘਵ ਭਾਰਦਵਾਜ, ਨਰੇਸ਼ ਵਰਮਾ, ਰਵੀ ਕੁਮਾਰ, ਸੁਰੇਸ਼ ਕੁਮਾਰ, ਰਾਜੇਸ਼ ਆਨੰਦ, ਸਨੀ ਸ਼ਰਮਾ, ਪੰਕਜ ਸ਼ਰਮਾ, ਸੁਭਾਸ਼ ਆਨੰਦ, ਬਖਸ਼ੀ ਰਾਮ, ਜੀਤ ਰਾਮ ਫੌਜੀ, ਵਿਨੋਦ ਸ਼ਰਮਾ, ਡਾਕਟਰ ਰਕੇਸ਼ ਜੋਸ਼ੀ, ਅੰਕੁਰ ਸ਼ਰਮਾ, ਸੌਰਵ ਸ਼ਰਮਾ, ਰਮੇਸ਼ ਸ਼ਰਮਾ, ਅਨੂ ਜੋਸ਼ੀ, ਜੀਵਨਪਾਲ ਜੋਸ਼ੀ, ਕਮਲ ਜੋਸ਼ੀ, ਲਖਵਿੰਦਰ ਸਿੰਘ ਅਤੇ ਪਾਲ ਫੌਜੀ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਪਤਵੰਤੇ ਸੱਜਣ ਅਤੇ ਸ਼ਹਿਰ ਨਿਵਾਸੀ ਹਾਜ਼ਰ ਸਨ।

# ਮੀਕ ਸੀਐਟਲ: ਉਹ ਯੋਧਾ ਜਿਸ ਨੇ ਦੁਨੀਆਂ ਨੂੰ ਦੱਸਿਆ ਕਿ ਕਬੱਡੀ ਦੀ ਕੋਈ ਨਸਲ ਨਹੀਂ ਹੁੰਦੀ

**ਲਿਖਤ: ਗੋਲਡੀ ਢਿੱਲੋਂ**
**ਕਨੈਡਾ (ਹਰਜਿੰਦਰ ਪਾਲ ਛਾਬੜਾ)**

ਹਰ ਖੇਡ ਦੇ ਇਤਿਹਾਸ ਵਿੱਚ ਕੁਝ ਖਿਡਾਰੀ ਅਜਿਹੇ ਆਉਂਦੇ ਹਨ ਜੋ ਅੰਕੜਿਆਂ ਤੋਂ ਵੱਡੇ ਹੋ ਜਾਂਦੇ ਹਨ। ਉਹ ਸਿਰਫ਼ ਮੈਚ ਨਹੀਂ ਜਿੱਤਦੇ, ਉਹ ਇੱਕ ਵਿਚਾਰ ਜਿੱਤਦੇ ਹਨ। ਕਬੱਡੀ ਲਈ ਮੀਕ ਸੀਐਟਲ ਅਜਿਹਾ ਹੀ ਨਾਮ ਹੈ।ਜਦੋਂ ਪੰਜਾਬ ਦੇ ਪਿੰਡਾਂ ਦੀ ਧੂੜ ਉੱਡਦੀ ਸੀ, ਢੋਲ ਵੱਜਦੇ ਸਨ ਅਤੇ ਹਜ਼ਾਰਾਂ ਲੋਕ ਮੈਦਾਨਾਂ ਦੇ ਕਿਨਾਰਿਆਂ ’ਤੇ ਖੜ੍ਹੇ ਹੋ ਕੇ ਆਪਣੇ ਹੀਰਿਆਂ ਦੀ ਉਡੀਕ ਕਰਦੇ ਸਨ, ਉਦੋਂ ਇੱਕ ਅਜਿਹਾ ਚਿਹਰਾ ਵੀ ਮੈਦਾਨ ਵਿੱਚ ਉਤਰਦਾ ਸੀ ਜੋ ਪੰਜਾਬੀ ਨਹੀਂ ਸੀ। ਨਾ ਉਸਦਾ ਜਨਮ ਪੰਜਾਬ ਵਿੱਚ ਹੋਇਆ ਸੀ, ਨਾ ਉਸਦੀ ਮਾਂ-ਬੋਲੀ ਪੰਜਾਬੀ ਸੀ। ਪਰ ਜਦੋਂ ਖੇਡ ਸ਼ੁਰੂ ਹੁੰਦੀ ਸੀ, ਉਹ ਪੰਜਾਬ ਦੇ ਸਭ ਤੋਂ ਵੱਡੇ ਯੋਧਿਆਂ ਵਾਂਗ ਲੜਦਾ ਸੀ।ਉਹ ਸੀ ਮੀਕ ਸੀਐਟਲ।ਕਬੱਡੀ ਦੇ ਇਤਿਹਾਸ ਵਿੱਚ ਕਈ ਮਹਾਨ ਰੇਡਰ ਅਤੇ ਸਟਾਪਰ ਹੋਏ ਹਨ, ਪਰ ਮੀਕ ਦੀ ਕਹਾਣੀ ਵੱਖਰੀ ਹੈ। ਉਹ ਸਿਰਫ਼ ਇੱਕ ਖਿਡਾਰੀ ਨਹੀਂ ਸੀ; ਉਹ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਸੀ ਕਿ ਕਬੱਡੀ ਪੰਜਾਬ ਦੀ ਖੇਡ ਹੋ ਸਕਦੀ ਹੈ, ਪਰ ਇਸ ਦੀ ਰੂਹ ਪੂਰੀ ਦੁਨੀਆ ਦੀ ਹੈ।ਜਦੋਂ ਉਸਨੇ ਪਹਿਲੀ ਵਾਰ ਸਰਕਲ ਕਬੱਡੀ ਦੇ ਮੈਦਾਨ ਵਿੱਚ ਕਦਮ ਰੱਖਿਆ, ਬਹੁਤ ਸਾਰੇ ਲੋਕਾਂ ਨੇ ਇਸਨੂੰ ਇੱਕ ਦਿਲਚਸਪ ਤਜਰਬਾ ਸਮਝਿਆ। ਪਰ ਕੁਝ ਹੀ ਮੈਚਾਂ ਵਿੱਚ ਮੀਕ ਨੇ ਆਪਣੀ ਤਾਕਤ, ਖੇਡ ਦੀ ਸਮਝ ਅਤੇ ਨਿਡਰਤਾ ਨਾਲ ਹਰ ਕਿਸੇ ਨੂੰ ਚੁੱਪ ਕਰਵਾ ਦਿੱਤਾ। ਉਸਦੇ ਸਟਾਪ ਸਿਰਫ਼ ਟੈਕਲ ਨਹੀਂ ਹੁੰਦੇ ਸਨ; ਉਹ ਤਾਕਤ ਅਤੇ ਤਕਨੀਕ ਦਾ ਇੱਕ ਸੁੰਦਰ ਮੇਲ ਹੁੰਦੇ ਸਨ।ਪਰ ਮੀਕ ਦੀ ਸਭ ਤੋਂ ਵੱਡੀ ਜਿੱਤ ਮੈਦਾਨ ਵਿੱਚ ਨਹੀਂ ਸੀ।ਉਸਦੀ ਸਭ ਤੋਂ ਵੱਡੀ ਜਿੱਤ ਇਹ ਸੀ ਕਿ ਉਸਨੇ ਹਜ਼ਾਰਾਂ ਲੋਕਾਂ ਦੀ ਸੋਚ ਬਦਲੀ।ਉਸਨੇ ਦੁਨੀਆ ਨੂੰ ਦਿਖਾਇਆ ਕਿ ਕਬੱਡੀ ਖੇਡਣ ਲਈ ਪੰਜਾਬੀ ਹੋਣਾ ਜ਼ਰੂਰੀ ਨਹੀਂ। ਜਜ਼ਬਾ ਹੋਣਾ ਜ਼ਰੂਰੀ ਹੈ।ਅੱਜ ਜਦੋਂ ਅਸੀਂ ਕਬੱਡੀ ਨੂੰ ਓਲੰਪਿਕ ਵਿੱਚ ਦੇਖਣ ਦਾ ਸੁਪਨਾ ਦੇਖਦੇ ਹਾਂ, ਤਾਂ ਸਾਨੂੰ ਇੱਕ ਸਵਾਲ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ — ਕੀ ਕੋਈ ਖੇਡ ਸੱਚਮੁੱਚ ਵਿਸ਼ਵ ਪੱਧਰੀ ਬਣ ਸਕਦੀ ਹੈ ਜੇ ਉਸਨੂੰ ਸਿਰਫ਼ ਇੱਕ ਭਾਈਚਾਰਾ ਹੀ ਖੇਡੇ?

ਜਵਾਬ ਸਾਫ਼ ਹੈ — ਨਹੀਂ।ਇਸ ਲਈ ਮੀਕ ਸੀਐਟਲ ਵਰਗੇ ਖਿਡਾਰੀ ਕਬੱਡੀ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹਨ। ਉਹ ਉਹ ਪੁਲ ਹਨ ਜੋ ਪੰਜਾਬ ਦੇ ਮੈਦਾਨਾਂ ਨੂੰ ਦੁਨੀਆ ਦੇ ਸਟੇਡੀਅਮਾਂ ਨਾਲ ਜੋੜਦੇ ਹਨ।ਕਬੱਡੀ ਨੂੰ ਅੱਗੇ ਲੈ ਜਾਣ ਲਈ ਸਾਨੂੰ ਸਿਰਫ਼ ਆਪਣੇ ਹੀਰਿਆਂ ਦਾ ਹੀ ਨਹੀਂ, ਸਗੋਂ ਉਹਨਾਂ ਲੋਕਾਂ ਦਾ ਵੀ ਸਤਿਕਾਰ ਕਰਨਾ ਪਵੇਗਾ ਜਿਨ੍ਹਾਂ ਨੇ ਇਸ ਖੇਡ ਨੂੰ ਆਪਣੀ ਖੇਡ ਮੰਨਿਆ, ਭਾਵੇਂ ਉਹ ਕਿਸੇ ਵੀ ਦੇਸ਼, ਨਸਲ ਜਾਂ ਭਾਸ਼ਾ ਨਾਲ ਸਬੰਧਤ ਹੋਣ।ਮੀਕ ਸੀਐਟਲ ਉਹਨਾਂ ਵਿਰਲੇ ਖਿਡਾਰੀਆਂ ਵਿੱਚੋਂ ਇੱਕ ਹੈ ਜਿਸਨੇ ਕਬੱਡੀ ਨੂੰ ਸਿਰਫ਼ ਖੇਡਿਆ ਨਹੀਂ — ਉਸਨੇ ਇਸਦੇ ਦਾਇਰੇ ਨੂੰ ਵਧਾਇਆ।ਸ਼ਾਇਦ ਇਸੇ ਲਈ ਜਦੋਂ ਕਬੱਡੀ ਦੇ ਇਤਿਹਾਸ ਦੀ ਗੱਲ ਹੋਵੇਗੀ, ਤਾਂ ਲੋਕ ਉਸਦੇ ਸਟਾਪਾਂ ਨੂੰ ਯਾਦ ਕਰਨਗੇ। ਪਰ ਇਸ ਤੋਂ ਵੀ ਵੱਧ, ਉਹ ਉਸ ਸੰਦੇਸ਼ ਨੂੰ ਯਾਦ ਕਰਨਗੇ ਜੋ ਉਸਨੇ ਆਪਣੀ ਮੌਜੂਦਗੀ ਨਾਲ ਦਿੱਤਾ ਸੀ ।ਕਬੱਡੀ ਦੀ ਕੋਈ ਨਸਲ ਨਹੀਂ ਹੁੰਦੀ। ਕਬੱਡੀ ਦੀ ਕੋਈ ਸਰਹੱਦ ਨਹੀਂ ਹੁੰਦੀ। ਕਬੱਡੀ ਹਰ ਉਸ ਦਿਲ ਦੀ ਖੇਡ ਹੈ ਜੋ ਚੁਣੌਤੀ ਤੋਂ ਨਹੀਂ ਡਰਦਾ।




for more news visit:
www.samajweekly.com

# ਨਾ ਉੱਜੜੋ ਤੇ ਨਾ ਉਜਾੜੋ




ਅੱਜ ਕਈ ਮਸਲਿਆਂ ਤੇ ਸਾਡੀ ਨੌਜਵਾਨੀ ਦਿਸ਼ਾਹੀਣ ਹੋ ਰਹੀ ਹੈ। ਧਰੁਵੀਕਰਨ ਹੋਣ ਨਾਲ ਸਾਡੀ ਰਹਿਣੀ ਬਹਿਣੀ ਅਤੇ ਜੀਵਨ ਸ਼ੈਲੀ ਵਿੱਚ ਬਹੁਤ ਤੇਜ਼ੀ ਨਾਲ ਬਦਲਾਅ ਆਇਆ ਹੈ। ਅੱਜ ਦੇ ਮਾਪੇ ਦੋਵੇਂ ਕੰਮਕਾਜੀ ਹੋਣ ਕਰਕੇ, ਇਕਹਿਰੇ ਪਰਿਵਾਰਾਂ ਦੇ ਹੋਂਦ ਵਿੱਚ ਆ ਜਾਣ ਕਰਕੇ ਅਤੇ ਖੁੱਲ੍ਹ ਦੇ ਨਾਂ ਤੇ ਮਿਲ਼ੀ ਅਜ਼ਾਦੀ ਕਰਕੇ ਨੌਜਵਾਨੀ ਭਟਕ ਰਹੀ ਹੈ। ਬਹੁਤੇ ਨੌਜਵਾਨ ਨਾ ਆਪਣੇ ਵੱਡਿਆਂ ਦੀ ਗੱਲ ਸੁਣਨੀ ਚਾਹੁੰਦੇ ਹਨ ਤੇ ਨਾ ਹੀ ਆਪਣੇ ਸਭਿਆਚਾਰਿਕ ਪਿਛੋਕੜ ਨੂੰ ਫਰੋਲਣਾ ਚਾਹੁੰਦੇ ਹਨ। ਇਸ ਸਭ ਵਿੱਚ ਬੱਚਿਆਂ ਦਾ ਕਸੂਰ ਘੱਟ ਹੈ ਕਿਉਂ ਕਿ ਨਵੀਂ-ਪੁਰਾਣੀ ਤਹਿਜ਼ੀਬ ਦੇ ਮਿਸ਼ਰਣ ਨਾ਼ਲ ਤਿਆਰ ਹੋਏ ਉਹਨਾਂ ਦੇ ਮਾਪੇ ਬਚਪਨ ਤੋਂ ਲੈਕੇ ਕਾਲਜ ਤੱਕ ਦੇ ਸਮੇਂ ਤੱਕ ਉਹਨਾਂ ਨੂੰ ਐਨੀ ਖੁੱਲ੍ਹ ਦਿੰਦੇ ਹਨ ਕਿ ਉਹ ਆਪਣੀ ਔਲਾਦ ਨੂੰ ਹੱਥੋਂ ਕੱਢ ਬੈਠਦੇ ਹਨ। ਮੌਕਾ ਲੰਘੇ ਤੇ ਜਦੋਂ ਉਹ ਉਹਨਾਂ ਨੂੰ ਆਪਣੇ ਕੰਟਰੋਲ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਦੁਆਰਾ ਕਸੀ ਨਕੇਲ ਦੇ ਭਿਆਨਕ ਨਤੀਜੇ ਸਾਹਮਣੇ ਆਉਂਦੇ ਹਨ । ਵਾਪਰਨ ਵਾਲੀਆਂ ਇੱਕ ਤੋਂ ਬਾਅਦ ਇੱਕ ਮੰਦਭਾਗੀਆਂ ਘਟਨਾਵਾਂ ਨਾਲ ਸਮਾਜ ਵਿੱਚ ਵਿਚਰਦੀ ਹੋਈ ਨੌਜਵਾਨ ਪੀੜ੍ਹੀ ਕੋਲ ਗਲਤ ਸੰਦੇਸ਼ ਪਹੁੰਚਦਾ ਹੈ ਤੇ ਦੇਖੋ ਦੇਖੀ ਉਹ ਇਹੋ ਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ।

ਕਈ ਨੌਜਵਾਨ ਮੁੰਡੇ ਕੁੜੀਆਂ ਜਦ ਬਾਹਰ ਇਕੱਠੇ ਪੜ੍ਹਦੇ ਜਾਂ ਨੌਕਰੀਆਂ ਕਰਦੇ ਹਨ ਤਾਂ ਉਹਨਾਂ ਨੂੰ ਉੱਥੇ ਹੀ ਕਿਸੇ ਨਾ ਕਿਸੇ ਨਾ਼ਲ ਪਿਆਰ ਹੋ ਜਾਂਦਾ ਹੈ। ਕਈ ਨੌਜਵਾਨਾਂ ਦੇ ਇਹੋ ਜਿਹੇ ਰਿਸ਼ਤਿਆਂ ਨੂੰ ਘਰਦਿਆਂ ਵੱਲੋਂ ਪ੍ਰਵਾਨਗੀ ਮਿ਼ਲ ਜਾਂਦੀ ਹੈ ਤਾਂ ਉਹ ਆਪਣੇ ਆਪਣੇ ਮਨਪਸੰਦ ਦੇ ਜੀਵਨ ਸਾਥੀ ਨਾਲ ਆਪਣਾ ਘਰ ਖੁਸ਼ੀ ਖੁਸ਼ੀ ਵਸਾ ਲੈਂਦੇ ਹਨ। ਪਰ ਕਈ ਵਾਰ ਮਾਪਿਆਂ ਵੱਲੋਂ ਆਪਣੀ ਔਲਾਦ ਦੀ ਪਸੰਦ ਕਈ ਕਾਰਨਾਂ ਕਰਕੇ ਜਿਵੇਂ ਅਮੀਰੀ - ਗਰੀਬੀ ਦਾ ਅੰਤਰਾਲ,ਜਾਤ ਪਾਤ ਵਿਰੋਧ ਜਾਂ ਹੋਰ ਕਈ ਕਾਰਨਾਂ ਕਰਕੇ ਭਾਉਂਦੀ ਨਹੀਂ। ਉਹ ਫਿਰ ਜ਼ਬਰਦਸਤੀ ਆਪਣੇ ਸਮਾਜਿਕ ਜਾਂ ਆਰਥਿਕ ਰੁਤਬੇ ਦੇ ਹਿਸਾਬ ਨਾਲ ਉਨ੍ਹਾਂ ਲਈ ਅਨੁਕੂਲ ਵਰ ਜਾਂ ਵਧੂ ਜਾਂ ਪਰਿਵਾਰ ਦੇਖ ਕੇ ਰਿਸ਼ਤਾ ਪੱਕਾ ਕਰ ਦਿੰਦੇ ਹਨ। ਕਈ ਵਾਰ ਨੌਜਵਾਨ ਲੜਕਾ ਜਾਂ ਲੜਕੀ ਆਪਣੇ ਪਰਿਵਾਰ ਦੇ ਦਬਾਅ ਹੇਠ ਆ ਕੇ ਰਿਸ਼ਤਾ ਤਾਂ ਕਰ ਲੈਂਦੇ ਹਨ ਪਰ ਉਸ ਨੂੰ ਮਾਨਸਿਕ ਤੌਰ ਤੇ ਪ੍ਰਵਾਨ ਨਹੀਂ ਕਰਦੇ ਤੇ ਨਾ ਹੀ ਉਹ ਆਪਣੇ ਮਾਪਿਆਂ ਨੂੰ ਮਨ੍ਹਾ ਕਰ ਸਕਦੇ ਹਨ । ਉਹ ਉਸ ਰਿਸ਼ਤੇ ਨੂੰ ਆਪਣੇ ਉੱਪਰ ਬੋਝ ਸਮਝਣ ਲੱਗਦੇ ਹਨ। ਜਿਸ ਦਾ ਅੰਜਾਮ ਹੋਣ ਵਾਲੇ ਪਤੀ ਜਾਂ ਪਤਨੀ ਤੋਂ ਖਹਿੜਾ ਛੁਡਾਉਣ ਲਈ ਆਪਣੇ ਦਿਮਾਗ ਦੇ ਘੋੜੇ ਦੌੜਾਉਂਦੇ ਦੌੜਾਉਂਦੇ ਉਸ ਮਾਸੂਮ ਦੇ ਕਾਤਲ ਬਣ ਜਾਂਦੇ ਹਨ ਜੋ ਉਹਨਾਂ ਦੀ ਪਿਛਲੀ ਜ਼ਿੰਦਗੀ ਤੋਂ ਬੇਖ਼ਬਰ ਹੁੰਦਾ ਹੈ। ਹਾਲ ਵਿੱਚ ਹੀ ਇਹੋ ਜਿਹੀਆਂ ਮੰਦਭਾਗੀਆਂ ਘਟਨਾਵਾਂ ਸੋਨਮ-ਰਾਜਾਰਘੁਵੰਸੀ ਦੀ ਕਾਤਲ ਅਤੇ ਅਰਬਪਤੀ ਕਾਰਤਿਕ ਦੀ ਕਾਤਲ ਉਸ ਦੀ ਮੰਗੇਤਰ ਤੇ ਉਸ ਦਾ ਪ੍ਰੇਮੀ ਬਣੇ। ਕਾਰਤਿਕ ਦਾ ਕਤਲ ਬਿਲਕੁਲ ਰਾਜਾ ਰਘੁਵੰਸ਼ ਦੇ ਕਤਲ ਦੀ ਤਰਜ਼ ਤੇ ਕੀਤਾ ਗਿਆ ਕਤਲ ਹੈ । ਇਹੋ ਜਿਹੇ ਮਾਮਲਿਆਂ ਵਿੱਚ ਕਾਨੂੰਨ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ ਤਾਂ ਜੋ ਅਗਾਂਹ ਤੋਂ ਕੋਈ ਬੇਕਸੂਰ ਕਿਸੇ ਦੀ ਆਯਾਸ਼ੀ ਦੀ ਬਲੀ ਨਾ ਚੜ੍ਹੇ। ਸੋਨਮ ਨੂੰ ਕੁਝ ਮਹੀਨਿਆਂ ਵਿੱਚ ਹੀ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ, ਸ਼ਾਇਦ ਸੀਆ ਨੇ ਵੀ ਇਹੋ ਸੋਚਿਆ ਹੋਵੇਗਾ ਕਿ ਇਹੋ ਜਿਹਾ ਕੰਮ ਕਰਨ ਨਾ਼ਲ ਕੁਝ ਨਹੀਂ ਹੋਵੇਗਾ। ਸਾਡਾ ਸਮਾਜ ਇਹੋ ਜਿਹੀਆਂ ਉਦਾਹਰਣਾਂ ਨਾ਼ਲ ਭਰਿਆ ਪਿਆ ਹੈ। ਬਦਕਿਸਮਤੀ ਨਾਲ ਇਹੋ ਜਿਹੀਆਂ ਮੰਦਭਾਗੀ ਘਟਨਾਵਾਂ ਵਿੱਚ ਦਿਨੋ ਦਿਨ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਇੱਕ ਗੱਲ ਤਾਂ ਜ਼ਰੂਰ ਹੈ ਕਿ ਜੇ ਇਹੋ ਜਿਹੇ ਮਾਪਿਆਂ ਨੇ ਆਪਣੀ ਪਸੰਦ ਮੁਤਾਬਕ ਜ਼ਬਰਦਸਤੀ ਆਪਣੇ ਬੱਚਿਆਂ ਦਾ ਰਿਸ਼ਤਾ ਕਿਤੇ ਹੋਰ ਕਰਨਾ ਹੁੰਦਾ ਹੈ ਤਾਂ ਉਹ ਆਪਣੇ ਬੱਚਿਆਂ ਨੂੰ ਪਹਿਲਾਂ ਹੀ ਸਮਝਾ ਕੇ ਰੱਖਣ, ਨਜ਼ਰਸਾਨੀ ਵਿੱਚ ਰੱਖਣ ਤਾਂ ਜੋ ਉਹਨਾਂ ਦਾ ਬੱਚਾ ਉਹਨਾਂ ਦੇ ਕਹੇ ਅਨੁਸਾਰ ਚੱਲੇ ਤੇ ਕਿਸੇ ਦਾ ਘਰ ਨਾ ਉਜਾੜੇ। ਇਹੋ ਜਿਹੇ ਮਸਲਿਆਂ ਵਿੱਚ ਉਨ੍ਹਾਂ ਦੇ ਮਾਪੇ ਵੀ ਓਨੇ ਹੀ ਕਸੂਰਵਾਰ ਹੁੰਦੇ ਹਨ ਜਿਨ੍ਹਾਂ ਦੂਸਰੇ ਦਾ ਘਰ ਉਜਾੜਨ ਵਾਲਾ ਉਹਨਾਂ ਦਾ ਬੱਚਾ ਹੁੰਦਾ ਹੈ। ਜੋ ਆਪਣੇ ਬੱਚਿਆਂ ਦੀਆਂ ਗਲਤੀਆਂ ਦੀ ਸਜ਼ਾ ਕਿਸੇ ਹੋਰ ਨੂੰ ਉਸ ਦਾ ਘਰ ਉਜਾੜ ਕੇ ਦਿੰਦੇ ਹਨ। ਸਾਡੇ ਭਾਰਤੀ ਸਮਾਜ ਵਿੱਚ ਆਏ ਦਿਨ ਕਈ ਹੋਰ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਿਨ੍ਹਾਂ ਨਾਲ ਆਪਣੇ ਵਸੇ ਵਸਾਏ ਘਰ ਦੀ ਚਾਰਦੀਵਾਰੀ ਦੇ ਰਿਸ਼ਤਿਆਂ ਉੱਤੇ ਵਿਸ਼ਵਾਸ ਵਿੱਚ ਭਾਰੀ ਕਮੀ ਆਈ ਹੈ। ਸਾਡੇ ਸਮਾਜਿਕ ਅਤੇ ਘਰੇਲੂ ਰਿਸ਼ਤਿਆਂ ਦੀਆਂ ਤੰਦਾਂ ਐਨੀਆਂ ਕਮਜ਼ੋਰ ਹੁੰਦੀਆਂ ਜਾ ਰਹੀਆਂ ਹਨ ਕਿ ਕੋਈ ਰਿਸ਼ਤਾ ਵੀ ਇੱਕ ਦੂਜੇ ਤੇ ਵਿਸ਼ਵਾਸ ਕਰਨ ਦੇ ਯੋਗ ਨਹੀਂ ਰਿਹਾ। ਅੱਜ ਲੋਕਾਂ ਦੇ ਦਿਮਾਗਾਂ ਤੇ ਸੋਸ਼ਲ ਮੀਡੀਆ ਐਨਾ ਕਾਬਜ਼ ਹੋ ਚੁੱਕਿਆ ਹੈ ਕਿ ਉੱਥੇ ਹੀ ਚੋਰੀ ਛਿਪੇ ਨਜਾਇਜ਼ ਰਿਸ਼ਤੇ ਜਨਮ ਲੈਂਦੇ ਹਨ। ਜਿਹੜੇ ਲੋਕ ਇਸ ਦਲਦਲ ਵਿੱਚ ਫਸ ਜਾਂਦੇ ਹਨ ਉਹ ਆਪਣੇ ਇਸ ਰਿਸ਼ਤੇ ਨੂੰ ਹਾਸਿਲ ਕਰਨ ਲਈ ਐਨੇ ਕਾਹਲੇ ਪੈ ਜਾਂਦੇ ਹਨ ਕਿ ਉਹਨਾਂ ਨੂੰ ਆਪਣਾ ਜੀਵਨ ਸਾਥੀ ਜਾਂ ਘਰ ਅੰਦਰਲਾ ਕੋਈ ਹੋਰ ਰਿਸ਼ਤਾ ਬੋਝ ਲੱਗਣ ਲੱਗਦਾ ਹੈ। ਫਿਰ ਉਹਨਾਂ ਵੱਲੋਂ ਆਪਣੇ ਨਵੇਂ ਬਣੇ ਰਿਸ਼ਤੇ ਨੂੰ ਪ੍ਰਵਾਨ ਚੜ੍ਹਾਉਣ ਲਈ ਵਿੱਚੋਂ ਹਟਾਉਣ ਲਈ ਆਪਣੇ ਪਰਿਵਾਰਕ ਰਿਸ਼ਤੇ ਨੂੰ ਦ਼ਗਾ ਦੇ ਕੇ ਜਾਨੋ ਮਾਰ ਕੇ ਕੰਡਾ ਕੱਢ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇੱਕ ਬੇਕਸੂਰ ਨੂੰ ਦੋ ਜਣਿਆਂ ਦੇ ਗ਼ਲਤ ਰਿਸ਼ਤੇ ਕਾਰਨ ਆਪਣੀ ਜਾਨ ਤੋਂ ਹੱਥ ਧੋਣਾ ਪੈਂਦਾ ਹੈ। ਕਿਤੇ ਪਤੀ ਵੱਲੋਂ ਪਤਨੀ ਨੂੰ,ਪਤਨੀ ਵੱਲੋਂ ਪਤੀ ਨੂੰ ਜਾਂ ਫਿਰ ਉਹਨਾਂ ਲੋਕਾਂ ਦੀ ਨੈਤਿਕਤਾ ਵਿੱਚ ਐਨਾ ਨਿਘਾਰ ਆ ਰਿਹਾ ਹੈ ਕਿ ਆਪਣੀ ਔਲਾਦ ਤੱਕ ਨੂੰ ਵੀ ਆਪਣੀ ਆਯਾਸ਼ੀ ਖ਼ਾਤਰ ਬਲੀ ਚਾੜ੍ਹ ਦਿੰਦੇ ਹਨ।

ਇਹੋ ਜਿਹੇ ਲੋਕਾਂ ਲਈ ਤਾਂ ਇਹੀ ਸੁਝਾਅ ਹੈ ਕਿ ਜੇ ਤੁਹਾਡੀ ਜ਼ਿੰਦਗੀ ਵਿੱਚ ਕੋਈ ਹੋਰ ਵਿਅਕਤੀ ਆ ਗਿਆ ਹੈ ਤਾਂ ਤੁਸੀਂ ਤਲਾਕ ਲੈ ਕੇ ਆਪਣੇ ਜੀਵਨ ਸਾਥੀ ਜਾਂ ਸਾਥਣ ਤੋਂ ਦੂਰ ਹੋ ਕੇ ਨਵੀਂ ਜ਼ਿੰਦਗੀ ਵਸਾ ਸਕਦੇ ਹੋ। ਕਿਸੇ ਵਿਅਕਤੀ ਦੀ ਜਾਨ ਲੈ ਕੇ ਆਪਣੀ ਨਵੀਂ ਦੁਨੀਆਂ ਵਸਾਉਣ ਦਾ ਕਿਸੇ ਕੋਲ ਕੋਈ ਅਧਿਕਾਰ ਨਹੀਂ ਹੈ। ਨਿੱਤ ਦਿਹਾੜੇ ਸੋਸ਼ਲ ਮੀਡੀਆ ਦੁਆਰਾ ਜਾਂ ਹੋਰ ਕਈ ਤਰੀਕਿਆਂ ਕਾਰਨ ਉਪਜੇ ਨਜਾਇਜ਼ ਰਿਸ਼ਤੇ ਕੋਈ ਨਾ ਕੋਈ ਘਰ ਉਜਾੜ ਰਹੇ ਹਨ। ਉਹ ਲੋਕ ਭੁੱਲ ਜਾਂਦੇ ਹਨ ਕਿ ਕਿਸੇ ਨੂੰ ਉਜਾੜ ਕੇ ਖ਼ੁਦ ਵਸਿਆ ਨਹੀਂ ਜਾ ਸਕਦਾ ਕਿਉਂ ਕਿ ਕਾਨੂੰਨ ਦੇ ਹੱਥ ਬਹੁਤ ਲੰਬੇ ਹੁੰਦੇ ਹਨ,ਉਸ ਤੋਂ ਬਾਅਦ ਉਨ੍ਹਾਂ ਦਾ ਆਪਣਾ ਉਜਾੜਾ ਸ਼ੁਰੂ ਹੋ ਜਾਂਦਾ ਹੈ। ਅੱਜ ਲੋੜ ਹੈ ਆਪਣੇ ਸੰਸਕਾਰਾਂ ਵਿੱਚ ਰਹਿ ਕੇ ਚੱਲਣ ਦੀ, ਆਪਣੀ ਮਰਿਆਦਾ ਨੂੰ ਕਾਇਮ ਰੱਖ ਕੇ ਆਪਣੀ ਜ਼ਿੰਦਗੀ ਬਿਤਾਉਣ ਦੀ ਤਾਂ ਜੋ ਇਹੋ ਜਿਹੇ ਉਜਾੜਿਆਂ ਤੋਂ ਬਚਿਆ ਜਾ ਸਕੇ।



ਬਰਜਿੰਦਰ ਕੌਰ ਬਿਸਰਾਓ...
9988901324

# ਕਾਂਗਰਸ ਪਾਰਟੀ ਦੇ ਹਲਕਾ ਯੂਥ ਪ੍ਰਧਾਨ ਬਣਨ 'ਤੇ ਨਿਰਮਲ ਸਿੰਘ ਦਾ ਕੀਤਾ ਸਨਮਾਨ

**ਬਲਾਚੌਰ, 25 ਜੂਨ(ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਪਾਰਟੀ ਦੇ ਭਰਥਲਾ ਤੋਂ ਸਾਬਕਾ ਬਲਾਕ ਸੰਮਤੀ ਚੇਅਰਮੈਨ ਧਰਮਪਾਲ ਭਰਥਲਾ ਵੱਲੋਂ ਆਪਣੇ ਸਾਥੀਆਂ ਸਮੇਤ ਨਿਰਮਲ ਸਿੰਘ ਨੂੰ ਹਲਕਾ ਯੂਥ ਕਾਂਗਰਸ ਪ੍ਰਧਾਨ ਨਿਯੁਕਤ ਹੋਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਸਮਰਥਕ ਹਾਜ਼ਰ ਸਨ ਜਿਨ੍ਹਾਂ ਨੇ ਨਿਰਮਲ ਸਿੰਘ ਦੇ ਹਾਰ ਪਾ ਕੇ ਵਧਾਈ ਦਿੱਤੀ। ਧਰਮਪਾਲ ਨੇ ਕਿਹਾ ਕਿ ਨਿਰਮਲ ਸਿੰਘ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ ਅਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਇਹ ਜ਼ਿੰਮੇਵਾਰੀ ਉਨ੍ਹਾਂ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਨਿਰਮਲ ਸਿੰਘ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਅਤੇ ਯੂਥ ਕਾਂਗਰਸ ਨੂੰ ਹੋਰ ਮਜ਼ਬੂਤ ਕਰਨ ਲਈ ਅਹਿਮ ਭੂਮਿਕਾ ਨਿਭਾਉਣਗੇ।

ਇਸ ਮੌਕੇ ਤੇ ਯੂਥ ਆਗੂ ਅਭਿਸ਼ੇਕ ਰਾਣਾ ਨੇ ਵੀ ਨਿਰਮਲ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਨਿਰਮਲ ਸਿੰਘ ਇਕ ਮਿਹਨਤੀ ਨੌਜਵਾਨ ਹੈ। ਉਹਨਾਂ ਨੇ ਕਿਹਾ ਕਿ ਨਿਰਮਲ ਸਿੰਘ ਵੱਲੋਂ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਇਆ ਜਾਵੇਗਾ। ਅਤੇ ਯੂਥ ਦੀਆਂ ਸਮੱਸਿਆਵਾਂ ਨੂੰ ਮੁੱਖ ਤੌਰ ਤੇ ਸਰਕਾਰਾਂ ਤੱਕ ਪਹੁੰਚਾਇਆ ਜਾਵੇਗਾ ਤੇ ਉਹਨਾਂ ਦੀ ਸਮੱਸਿਆ ਦਾ ਹੱਲ ਕਰਵਾਇਆ ਜਾਵੇਗਾ

ਇਸ ਮੌਕੇ ਨਿਰਮਲ ਸਿੰਘ ਨੇ ਪਾਰਟੀ



ਹਾਈਕਮਾਨ ਅਤੇ ਸਾਰੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ 'ਤੇ ਜਤਾਏ ਗਏ ਭਰੋਸੇ 'ਤੇ ਖਰਾ ਉਤਰਨ ਲਈ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਉਠਾਇਆ ਜਾਵੇਗਾ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਇਆ ਜਾਵੇਗਾ।ਇਸ ਮੌਕੇ ਤੇ ਧਰਮਪਾਲ ਸਾਬਕਾ ਚੇਅਰਮੈਨ ,ਅਭਿਸ਼ਕ ਰਾਣਾ , ਪ੍ਰਿੰਸ ਪਾਵਰ ਯੂਥ ਆਗੂ , ਨਿਰਮਲ ਸਿੰਘ ਯੂਥ ਕਾਂਗਰਸ ਪ੍ਰਧਾਨ ਬਲਾਚੌਰ , ਦੀਲਵਰ ਸਿੰਘ ,ਹੈਪੀ, , ਲੱਡੂ , ਬਿੱਲਾ ਭਰਥਲਾ , ਰੋਹਿਤ ਘਈ , ਹੈਪੀ ਪ੍ਰਧਾਨ , ਦਰੀ ਭਰਥਲਾ , ਪ੍ਰਜਾਵਲ , ਬਾਬਲ ਰੋਪੜ੍ਹ , ਮੌਜੂਦ ਸਨ।

# ਬੇਅਦਬੀ ਤੇ ਗੋਲੀਬਾਰੀ ਮਾਮਲਾ: SIT ਵੱਲੋਂ ਭਾਜਪਾ ਆਗੂ ਵਿਜੇ ਕੁਮਾਰ ਸਾਂਪਲਾ ਨੂੰ ਦੁਬਾਰਾ ਸੰਮਨ, 28 ਜੂਨ ਨੂੰ ਪੇਸ਼ ਹੋਣ ਦੇ ਹੁਕਮ

**ਹੁਸ਼ਿਆਰਪੁਰ, 25 ਜੂਨ (ਤਰਸੇਮ ਦੀਵਾਨਾ)** 2015 ਵਿੱਚ ਫਰੀਦਕੋਟ ਜ਼ਿਲ੍ਹੇ ਵਿੱਚ ਬੇਅਦਬੀ ਨਾਲ ਸਬੰਧਿਤ ਮਾਮਲਿਆਂ ਅਤੇ ਉਸ ਤੋਂ ਬਾਅਦ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸ਼ੀਠ) ਨੇ ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਭਾਜਪਾ ਆਗੂ ਵਿਜੇ ਕੁਮਾਰ ਸਾਂਪਲਾ ਨੂੰ ਤਾਜ਼ਾ ਸੰਮਨ ਜਾਰੀ ਕਰਕੇ 28 ਜੂਨ ਨੂੰ ਪੇਸ਼ ਹੋਣ ਲਈ ਕਿਹਾ ਹੈ। ਇਹ ਤਾਜ਼ਾ ਸੰਮਨ ਸਾਂਪਲਾ ਦੇ 23 ਜੂਨ ਨੂੰ ਸ਼ੀਠ ਸਾਹਮਣੇ ਪੇਸ਼ ਹੋਣ ਤੋਂ ਇੱਕ ਦਿਨ ਬਾਅਦ ਆਇਆ ਹੈ। ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਭੰਸ਼ਸ਼) ਦੀ ਧਾਰਾ 179(1) ਤਹਿਤ ਜਾਰੀ ਨੋਟਿਸ ਦੇ ਅਨੁਸਾਰ, ਸਾਂਪਲਾ ਨੂੰ ਸਵੇਰੇ 11 ਵਜੇ ਪੰਜਾਬ ਪੁਲਿਸ ਅਫਸਰ ਇੰਸਟੀਚਿਊਟ (ਫਫੌ), ਸੈਕਟਰ 32-ਛ, ਚੰਡੀਗੜ੍ਹ ਵਿਖੇ ਜਾਂਚ ਅਤੇ ਬਿਆਨ ਦਰਜ ਕਰਨ ਲਈ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਸ਼ੀਠ ਦਾ ਮੰਨਣਾ ਹੈ ਕਿ ਸਾਂਪਲਾ ਮਾਮਲਿਆਂ ਦੇ ਤੱਥਾਂ ਅਤੇ ਹਾਲਾਤਾਂ ਤੋਂ ਜਾਣੂ ਹੈ ਅਤੇ ਚੇਤਾਵਨੀ ਦਿੰਦਾ ਹੈ ਕਿ ਪਾਲਣਾ ਨਾ ਕਰਨ 'ਤੇ ਕਾਨੂੰਨ ਦੇ ਸਬੰਧਤ ਪ੍ਰਬੰਧਾਂ ਤਹਿਤ ਕਾਰਵਾਈ ਹੋ ਸਕਦੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਪਲਾ ਨੇ ਕਿਹਾ ਕਿ ਉਹ ਜਾਂਚ ਵਿੱਚ ਸਹਿਯੋਗ ਕਰਨ ਲਈ ਤਿਆਰ ਹਨ, ਪਰ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿਨ੍ਹਾਂ ਦਸਤਾਵੇਜ਼ਾਂ ਦੇ ਆਧਾਰ 'ਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਉਹ ਪਹਿਲਾਂ ਉਨ੍ਹਾਂ ਨੂੰ ਮੁਹੱਈਆ ਕਰਵਾਏ ਜਾਣ। ਉਨ੍ਹਾਂ ਕਿਹਾ, "ਮੈਂ ਐਸ.ਆਈ.ਟੀ. ਨਾਲ ਸਹਿਯੋਗ ਕਰਨ ਲਈ ਤਿਆਰ ਹਾਂ, ਪਰ ਦਸਤਾਵੇਜ਼ ਪਹਿਲਾਂ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਮੈਂ ਉਨ੍ਹਾਂ ਦੀ ਜਾਂਚ ਕਰ ਸਕਾਂ ਅਤੇ ਆਪਣਾ ਬਿਆਨ ਦੇ ਸਕਾਂ। ਨਹੀਂ ਤਾਂ, ਮੇਰਾ ਅਤੇ ਐਸ.ਆਈ.ਟੀ. ਦੋਵਾਂ ਦਾ ਸਮਾਂ ਬਰਬਾਦ ਹੋਵੇਗਾ।" ਸਾਂਪਲਾ ਨੇ ਦੱਸਿਆ ਕਿ 23 ਜੂਨ ਨੂੰ ਪੇਸ਼ੀ ਦੌਰਾਨ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਇਹ ਪੁੱਛਗਿੱਛ 2018 ਵਿੱਚ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਗਏ ਇੱਕ ਮੰਗ ਪੱਤਰ ਨਾਲ ਜੁੜੀ ਹੋਈ ਹੈ। ਉਨ੍ਹਾਂ ਨੇ ਆਪਣੇ ਦਸਤਖਤਾਂ ਵਾਲੇ ਉਸ ਮੰਗ ਪੱਤਰ ਦੀ ਕਾਪੀ ਮੰਗੀ ਹੈ। ਸਾਂਪਲਾ ਅਨੁਸਾਰ, "ਇਹ ਮੈਮੋਰੰਡਮ 2018 ਵਿੱਚ ਸੌਂਪਿਆ ਗਿਆ ਸੀ ਅਤੇ ਲਗਭਗ ਅੱਠ ਤੋਂ ਨੌਂ ਸਾਲ ਬੀਤ ਚੁੱਕੇ ਹਨ। ਉਸ ਸਮੇਂ ਭਾਜਪਾ-ਸ਼੍ਰੋਮਣੀ ਅਕਾਲੀ ਦਲ ਗੱਠਜੋੜ ਸੀ ਅਤੇ ਮੰਗ ਪੱਤਰ ਸਾਂਝੇ ਤੌਰ 'ਤੇ ਦਿੱਤੇ ਜਾਂਦੇ ਸਨ। ਮੈਨੂੰ ਇਹ ਦੇਖਣ ਦੀ ਜ਼ਰੂਰਤ ਹੈ ਕਿ ਕਿਸ ਦਸਤਾਵੇਜ਼ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਅਤੇ ਇਸ ਵਿੱਚ ਮੇਰੀ ਕੀ ਭੂਮਿਕਾ ਸੀ।" ਉਨ੍ਹਾਂ ਇਸ ਸਬੰਧੀ ਲਿਖਤੀ ਜਵਾਬ ਵੀ ਭੇਜ ਦਿੱਤਾ ਹੈ।



ਉਨ੍ਹਾਂ ਅੱਗੇ ਕਿਹਾ ਕਿ ਉਹ ਅਪ੍ਰੈਲ 2016 ਤੋਂ ਅਪ੍ਰੈਲ 2018 ਤੱਕ ਪੰਜਾਬ ਭਾਜਪਾ ਪ੍ਰਧਾਨ ਸਨ ਅਤੇ ਜਦੋਂ ਮੰਗ ਪੱਤਰ ਸੌਂਪਿਆ ਗਿਆ, ਉਹ ਕਿਸੇ ਵਫ਼ਦ ਦੀ ਅਗਵਾਈ ਨਹੀਂ ਕਰ ਰਹੇ ਸਨ। ਵਫਦ ਵਿੱਚ ਭਾਜਪਾ ਅਤੇ ਅਕਾਲੀ ਦਲ ਦੇ ਕਈ ਆਗੂ ਸ਼ਾਮਲ ਸਨ, ਇਸ ਲਈ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਸਿਰਫ਼ ਉਨ੍ਹਾਂ ਨੂੰ ਹੀ ਇਕੱਲੇ ਕਿਉਂ ਬੁਲਾਇਆ ਗਿਆ ਹੈ।

ਭਾਜਪਾ ਆਗੂ ਨੇ ਦੋਸ਼ ਲਗਾਇਆ ਕਿ ਇਹ ਕਾਰਵਾਈ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਅਤੇ ਪਰੇਸ਼ਾਨ ਕਰਨ ਵਾਲੀ ਹੈ, ਕਿਉਂਕਿ ਇਨ੍ਹਾਂ ਘਟਨਾਵਾਂ ਵਿੱਚ ਉਨ੍ਹਾਂ ਦੀ ਕੋਈ ਸਿੱਧੀ ਜਾਂ ਅਸਿੱਧੀ ਸ਼ਮੂਲੀਅਤ ਨਹੀਂ ਸੀ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਇੱਕ ਕਥਿਤ ਵਾਇਰਲ ਵੀਡੀਓ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਆਏ ਬਿਆਨ (ਜਿਸ ਵਿੱਚ ਮੁੱਖ ਮੰਤਰੀ ਨੂੰ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਦੱਸਿਆ ਗਿਆ ਸੀ) ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸ਼ੀਠ 2015 ਵਿੱਚ ਫਰੀਦਕੋਟ ਦੇ ਬਾਜਾਖਾਨਾ ਪੁਲਿਸ ਸਟੇਸ਼ਨ ਵਿੱਚ ਦਰਜ ਦੋ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਐਫ.ਆਈ.ਆਰ. ਨੰਬਰ 129 ਮਿਤੀ 14 ਅਕਤੂਬਰ, 2015 ਨੂੰ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ, ਅਸਲਾ ਐਕਟ ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਥਾਮ ਐਕਟ ਤਹਿਤ ਦਰਜ ਕੀਤੀ ਗਈ ਸੀ। ਜਦੋਂ ਕਿ ਐਫ.ਆਈ.ਆਰ. ਨੰਬਰ 130 21 ਅਕਤੂਬਰ, 2015 ਵਿੱਚ ਅਸਲਾ ਐਕਟ ਦੀਆਂ ਧਾਰਾਵਾਂ ਦੇ ਨਾਲ-ਨਾਲ ਆਈਪੀਸੀ ਦੀਆਂ ਧਾਰਾਵਾਂ 302, 307 ਅਤੇ 34 ਤਹਿਤ ਦੋਸ਼ ਸ਼ਾਮਲ ਹਨ। ਇਹ ਮਾਮਲੇ 2015 ਵਿੱਚ ਬੁਰਜ ਜਵਾਹਰ ਸਿੰਘ ਵਾਲਾ ਗੁਰਦੁਆਰੇ ਤੋਂ ਗੁਰੂ ਗ੍ਰੰਥ ਸਾਹਿਬ ਦੀ 'ਬੀੜ' ਚੋਰੀ ਕਰਨ, ਬਰਗਾੜੀ ਵਿੱਚ ਬੇਅਦਬੀ ਵਾਲੇ ਪੋਸਟਰ ਲਗਾਉਣ ਅਤੇ ਪਾਵਨ ਸਰੂਪ ਦੇ ਅੰਗ ਪਾੜ ਕੇ ਸੁੱਟਣ ਦੀਆਂ ਘਟਨਾਵਾਂ ਨਾਲ ਸਬੰਧਤ ਹਨ, ਜਿਨ੍ਹਾਂ ਖ਼ਿਲਾਫ਼ ਤਿੱਖੇ ਪ੍ਰਦਰਸ਼ਨ ਹੋਏ ਸਨ। ਅਕਤੂਬਰ 2015 ਵਿੱਚ ਇਨ੍ਹਾਂ ਪ੍ਰਦਰਸ਼ਨਕਾਰੀਆਂ 'ਤੇ ਹੋਈ ਪੁਲਿਸ ਗੋਲੀਬਾਰੀ ਦੌਰਾਨ ਬਹਿਬਲ ਕਲਾਂ ਵਿੱਚ ਦੋ ਵਿਅਕਤੀਆਂ—ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਹੋ ਗਈ ਸੀ, ਜਦੋਂ ਕਿ ਕੋਟਕਪੂਰਾ ਵਿੱਚ ਕਈ ਹੋਰ ਜ਼ਖਮੀ ਹੋ ਗਏ ਸਨ।

**ਫੋਟੋ ਅਜਮੇਰ ਦੀਵਾਨਾ**




# ਦਿਮਾਗ ਕੂੜੇ ਦਾ ਡੱਬਾ ਨਹੀਂ, ਇੱਕ ਅਨਮੋਲ ਖ਼ਜ਼ਾਨਾ ਹੈ

## ਅਸੀਂ ਆਪਣੇ ਮਨ ਵਿੱਚ ਕੀ ਸੰਭਾਲ ਰਹੇ ਹਾਂ?

ਮਨੁੱਖ ਨੂੰ ਪਰਮਾਤਮਾ ਵੱਲੋਂ ਮਿਲੀਆਂ ਸਭ ਤੋਂ ਅਨਮੋਲ ਦਾਤਾਂ ਵਿੱਚੋਂ ਇੱਕ ਉਸ ਦਾ ਦਿਮਾਗ ਹੈ। ਇਹ ਸਿਰਫ਼ ਸੋਚਣ ਦਾ ਸਾਧਨ ਨਹੀਂ, ਸਗੋਂ ਮਨੁੱਖ ਦੀ ਪੂਰੀ ਸ਼ਖ਼ਸੀਅਤ, ਸੋਚ, ਫ਼ੈਸਲਿਆਂ ਅਤੇ ਭਵਿੱਖ ਦਾ ਕੇਂਦਰ ਹੈ।

ਜਿਵੇਂ ਇੱਕ ਖੇਤ ਵਿੱਚ ਜੋ ਬੀਜ ਬੀਜੇ ਜਾਂਦੇ ਹਨ, ਉਹੀ ਫ਼ਸਲ ਉੱਗਦੀ ਹੈ, ਉਸੇ ਤਰ੍ਹਾਂ ਸਾਡੇ ਦਿਮਾਗ ਵਿੱਚ ਜੋ ਵਿਚਾਰ ਭਰੇ ਜਾਂਦੇ ਹਨ, ਸਾਡਾ ਜੀਵਨ ਵੀ ਉਸੇ ਦਿਸ਼ਾ ਵੱਲ ਤੁਰ ਪੈਂਦਾ ਹੈ।

ਪਰ ਅੱਜ ਦਾ ਮਨੁੱਖ ਆਪਣੇ ਦਿਮਾਗ ਨੂੰ ਇੱਕ ਖ਼ਜ਼ਾਨੇ ਵਾਂਗ ਸਾਂਭਣ ਦੀ ਬਜਾਏ ਕਈ ਵਾਰ ਕੂੜੇ ਦੇ ਡੱਬੇ ਵਾਂਗ ਵਰਤਣ ਲੱਗ ਪਿਆ ਹੈ।

ਉਹ ਇਸ ਵਿੱਚ ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ ਅਤੇ ਨਫ਼ਰਤ ਵਰਗੇ ਨਕਾਰਾਤਮਕ ਵਿਚਾਰ ਭਰਦਾ ਰਹਿੰਦਾ ਹੈ। ਨਤੀਜੇ ਵਜੋਂ ਮਨ ਦੀ ਸ਼ਾਂਤੀ ਖ਼ਤਮ ਹੋ ਜਾਂਦੀ ਹੈ ਅਤੇ ਜੀਵਨ ਬੋਝ ਬਣ ਜਾਂਦਾ ਹੈ।

1. ਦਿਮਾਗ ਉਹੀ ਬਣਦਾ ਹੈ ਜੋ ਅਸੀਂ ਉਸ ਵਿੱਚ ਭਰਦੇ ਹਾਂ —

ਜੇਕਰ ਇੱਕ ਅਲਮਾਰੀ ਵਿੱਚ ਗੰਦਗੀ ਅਤੇ ਬੇਕਾਰ ਚੀਜ਼ਾਂ ਭਰੀਆਂ ਹੋਣ ਤਾਂ ਉੱਥੇ ਕੀਮਤੀ ਵਸਤੂਆਂ ਲਈ ਜਗ੍ਹਾ ਨਹੀਂ ਬਚਦੀ। ਜਦਕਿ ਇਹ ਅਲਮਾਰੀ ਕੀਮਤੀ ਸਮਾਨ ਸੰਭਾਲਣ ਵਾਸਤੇ ਹੀ ਬਣਾਈ ਹੈ।

ਇਸੇ ਤਰ੍ਹਾਂ ਜੇਕਰ ਸਾਡਾ ਦਿਮਾਗ ਹਰ ਵੇਲੇ ਗੁੱਸੇ, ਸ਼ਿਕਾਇਤਾਂ, ਨਫ਼ਰਤ ਅਤੇ ਈਰਖਾ ਨਾਲ ਭਰਿਆ ਰਹੇ ਤਾਂ ਉੱਥੇ ਗਿਆਨ, ਪਿਆਰ ਅਤੇ ਚੰਗੇ ਵਿਚਾਰਾਂ ਲਈ ਜਗ੍ਹਾ ਕਿਵੇਂ ਬਣੇਗੀ?

ਇਸ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੇ ਵਿਚਾਰਾਂ ਦੀ ਸਫ਼ਾਈ ਕਰਨ ਦੀ ਲੋੜ ਹੈ। ਜਿਸ ਤਰ੍ਹਾਂ ਦੇ ਅਸੀਂ ਬਣਨਾਂ ਚਾਹੁੰਦੇ ਹਾਂ ਸਾਨੂੰ ਉਸੇ ਤਰ੍ਹਾਂ ਦੇ ਵਿਚਾਰ ਦਿਮਾਗ ਵਿੱਚ ਵਸਾਉਣੇ ਚਾਹੀਦੇ ਹਨ। ਪਿਆਰ, ਦਇਆ, ਕਰੁਣਾ, ਸਹਾਨੁਭੂਤੀ, ਅਤੇ ਸਾਕਾਰਾਤਮਕ ਵਿਚਾਰ ਜੋ ਅਸੀਂ ਦੂਜਿਆਂ ਤੋਂ ਚਾਹੁੰਦੇ ਹਾਂ ਸਾਨੂੰ ਵੀ ਆਪਣੇ ਦਿਮਾਗ ਅੰਦਰ ਇਹਨਾਂ ਵਿਚਾਰਾਂ ਦੇ ਧਾਰਨੀ ਹੋਣਾ ਪਵੇਗਾ।

2. ਕ੍ਰੋਧ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਾੜਦਾ ਹੈ

ਯਾਦ ਰੱਖੋ ਕ੍ਰੋਧ ਇੱਕ ਅਜਿਹੀ ਅੱਗ ਹੈ ਜੋ ਦੂਜਿਆਂ ਨੂੰ ਸਾੜਨ ਤੋਂ ਪਹਿਲਾਂ ਆਪਣੇ ਆਪ ਨੂੰ ਸਾੜਦੀ ਹੈ। ਕ੍ਰੋਧ ਦੇ ਵੇਗ ਤੋਂ ਕੋਈ ਵੀ ਬੱਚ ਨਹੀਂ ਪਾਉਂਦਾ। ਕ੍ਰੋਧ ਵਿੱਚ ਰਹਿਣ ਵਾਲੇ ਇੰਨਸਾਨ ਅੰਦਰੋ ਹੌਲੀ ਹੌਲੀ ਖੋਖਲੇ ਹੋ ਜਾਂਦੇ ਹਨ।

ਗੁੱਸੇ ਵਿੱਚ ਲਿਆ ਗਿਆ ਇੱਕ ਫ਼ੈਸਲਾ ਸਾਲਾਂ ਦੀ ਮਿਹਨਤ ਨੂੰ ਬਰਬਾਦ ਕਰ ਸਕਦਾ ਹੈ। ਕਈ ਪਰਿਵਾਰ, ਦੋਸਤ, ਰਿਸ਼ਤੇ ਨਾਤੇ ਸਿਰਫ਼ ਇੱਕ ਪਲ ਦੇ ਗੁੱਸੇ ਕਾਰਨ ਟੁੱਟ ਜਾਂਦੇ ਹਨ। ਹੋਰ ਵੀ ਅਨੇਕਾਂ ਜਗ੍ਹਾ ਇੰਨਸਾਨ ਕ੍ਰੋਧ ਦੇ ਵੱਸ ਆਪਣੇ ਦਿਮਾਗ ਦਾ ਸਹੀ ਇਸਤੇਮਾਲ ਨਹੀਂ ਕਰ ਪਾਉਂਦਾ, ਜਿਸ ਨਾਲ ਬਣੇ ਬਣਾਏ ਕੰਮ ਵੀ ਖਰਾਬ ਹੋ ਜਾਂਦੇ ਹਨ।

ਜੋ ਵਿਅਕਤੀ ਆਪਣੇ ਮਨ ਵਿੱਚ ਹਰ ਵੇਲੇ ਕ੍ਰੋਧ ਰੱਖਦਾ ਹੈ, ਉਹ ਕਦੇ ਵੀ ਅੰਦਰੂਨੀ ਸ਼ਾਂਤੀ ਦਾ ਅਨੁਭਵ ਨਹੀਂ ਕਰ ਸਕਦਾ। ਇਸ ਲਈ ਦਿਮਾਗ ਨੂੰ ਚੰਗੇ ਵਿਚਾਰਾਂ ਨਾਲ ਭਰਨਾ ਅਤੇ ਕ੍ਰੋਧ ਤੋਂ ਬਚਣਾ ਜ਼ਰੂਰੀ ਹੈ।

3. ਈਰਖਾ ਦੂਜਿਆਂ ਨੂੰ ਨਹੀਂ, ਆਪਣੇ ਆਪ ਨੂੰ ਕਮਜ਼ੋਰ ਕਰਦੀ ਹੈ —

ਜਿੱਧਰ ਵੀ ਝਾਤੀ ਮਾਰੋ ਅੱਜ ਦੁਨੀਆਂ ਈਰਖਾ, ਨਫ਼ਰਤ, ਕਿਸੇ ਦੂਜੇ ਦੀ ਤਰੱਕੀ ਨਾ ਸਹਿਣ ਕਰਨਾ ਅਤੇ ਐਸੇ ਹੋਰ ਬਹੁਤ ਸਾਰੇ ਮਾਨਸਿਕ ਦੁੱਖਾਂ ਨਾਲ ਗ੍ਰਸਤ ਹੈ। ਆਪਣੇ ਕੋਲ ਜੋ ਕੁਝ ਨਹੀਂ ਹੈ,ਉਹ ਦੂਜਿਆਂ ਕੋਲ ਦੇਖ ਕੇ ਮਨ ਅਤੇ ਦਿਮਾਗ ਵਿੱਚ ਈਰਖਾ, ਜਲਨ ਪੈਦਾ ਹੋ ਜਾਂਦੀ ਹੈ।

ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਅਤੇ ਦਿਖਾਵੇ ਦੀ ਦੌੜ ਨੇ ਈਰਖਾ ਨੂੰ ਹੋਰ ਵਧਾ ਦਿੱਤਾ ਹੈ। ਕੋਈ ਦੂਜੇ ਦੀ ਤਰੱਕੀ ਦੇਖ ਕੇ ਦੁਖੀ ਹੋ ਜਾਂਦਾ ਹੈ, ਕੋਈ ਦੂਜੇ ਦੀ ਖੁਸ਼ੀ ਦੇਖ ਕੇ ਪਰੇਸ਼ਾਨ ਹੋ ਜਾਂਦਾ ਹੈ। ਜਿਓਂ ਜਿਓਂ ਦੁਨੀਆਂ ਇੱਕ ਗਲੋਬਲ ਪਿੰਡ ਬਣਦੀ ਜਾ ਰਹੀ ਹੈ, ਇੰਨਸਾਨ ਦੂਜਿਆਂ ਨੂੰ ਵੇਖ ਕੇ ਈਰਖਾ ਅਤੇ ਜਲਨ ਦੇ ਸਮੁੰਦਰ ਵਿੱਚ ਡੁੱਬਦਾ ਜਾ ਰਿਹਾ ਹੈ।

ਪਰ ਸੱਚ ਇਹ ਹੈ ਕਿ ਈਰਖਾ ਨਾਲ ਦੂਜੇ ਦਾ ਕੁਝ ਨਹੀਂ ਵਿਗੜਦਾ। ਇਹ ਹੌਲੀ-ਹੌਲੀ ਸਾਡੇ ਆਪਣੇ ਮਨ ਦੀ ਸ਼ਾਂਤੀ ਨੂੰ ਖਾ ਜਾਂਦੀ ਹੈ। ਇਸਦੇ ਲਈ ਸਬਰ, ਸੰਤੋਖ, ਪ੍ਰਮਾਤਮਾ ਵਿੱਚ ਭਰੋਸਾ ਹੀ ਇੰਨਸਾਨ ਨੂੰ ਬਚਾ ਸਕਦਾ ਹੈ। ਜੋ ਕੁਝ ਸਾਨੂੰ ਮਿਲਿਆ, ਰੱਬ ਨੇ ਜੋ ਕੁਝ ਸਾਨੂੰ ਦਿੱਤਾ ਇਹ ਬਹੁਤਿਆਂ ਦਾ ਹੋ ਸਕਦਾ ਸੁਪਨਾ ਹੋਵੇ।

4. ਗਿਆਨ ਅਤੇ ਵਿਗਿਆਨ ਦਿਮਾਗ ਦੇ ਅਸਲ ਗਹਿਣੇ ਹਨ —

ਮਹਿੰਗੇ ਕੱਪੜੇ, ਵੱਡੇ ਘਰ ਅਤੇ ਦੌਲਤ ਮਨੁੱਖ ਨੂੰ ਕੁਝ ਸਮੇਂ ਲਈ ਪ੍ਰਸਿੱਧ ਬਣਾ ਸਕਦੇ ਹਨ, ਪਰ ਗਿਆਨ ਉਸ ਨੂੰ ਸਾਰੀ ਉਮਰ ਸਤਿਕਾਰ ਦਿਵਾਉਂਦਾ ਹੈ। ਅੱਜ ਮਨੁੱਖ ਦੀ ਦੌੜ ਸਵੇਰ ਤੋਂ ਸ਼ਾਮ ਪੈਸਾ, ਰੁਤਬਾ, ਵੱਡੇ ਘਰ, ਝੂਠਾ ਦਿਖਾਵਾ ਆਦਿ ਵੱਲ ਮੁੜ ਚੁੱਕੀ ਹੈ। ਗਿਆਨ ਅਤੇ ਵਿਗਿਆਨ ਦਿਮਾਗ ਡੇ ਅਸਲੀ ਗਹਿਣੇ ਹਨ। ਮਨੁੱਖ ਦੀ ਦੌੜ ਇਸ ਪਾਸੇ ਹੋਣੀ ਚਾਹੀਦੀ ਹੈ।

ਜਿਸ ਦਿਮਾਗ ਵਿੱਚ ਸਿੱਖਣ ਦੀ ਭੁੱਖ ਹੁੰਦੀ ਹੈ, ਉਹ ਹਰ ਦਿਨ ਨਵਾਂ ਖ਼ਜ਼ਾਨਾ ਇਕੱਠਾ ਕਰਦਾ ਹੈ। ਕਿਤਾਬਾਂ, ਤਜਰਬੇ, ਚੰਗੇ ਲੋਕਾਂ ਦੀ ਸੰਗਤ ਅਤੇ ਨਵੇਂ ਵਿਚਾਰ ਮਨੁੱਖ ਦੇ ਦਿਮਾਗ ਨੂੰ ਅਮੀਰ ਬਣਾਉਂਦੇ ਹਨ। ਇਸ ਲਈ ਹਰ ਦਿਨ ਆਪਣੇ ਦਿਮਾਗ ਨੂੰ ਗਿਆਨ, ਸਿੱਖਣ ਅਤੇ ਜੀਵਨ ਨੂੰ ਸਮਜਣ ਵਿੱਚ ਲਗਾਉਣਾ ਚਾਹੀਦਾ ਹੈ।

5. ਪਿਆਰ ਅਤੇ ਸਤਿਕਾਰ ਮਨੁੱਖਤਾ ਦੀ ਸਭ ਤੋਂ ਵੱਡੀ ਦੌਲਤ ਹਨ —

ਕਿਹਾ ਜਾਂਦਾ ਹੈ ਕਿ ਪਿਆਰ, ਸਤਿਕਾਰ, ਹਮਦਰਦੀ ਅਤੇ ਆਪਣੇਪਨ ਨਾਲ ਦੁਨੀਆਂ ਜਿੱਤੀ ਜਾ ਸਕਦੀ ਹੈ। ਦੁਨੀਆ ਦਾ ਹਰ ਵਿਅਕਤੀ ਸਤਿਕਾਰ ਚਾਹੁੰਦਾ ਹੈ। ਪਰ ਸਤਿਕਾਰ ਉਸ ਨੂੰ ਹੀ ਮਿਲਦਾ ਹੈ ਜੋ ਦੂਜਿਆਂ ਨੂੰ ਸਤਿਕਾਰ ਦੇਣਾ ਜਾਣਦਾ ਹੈ।

ਜਿਸ ਮਨੁੱਖ ਦੇ ਦਿਲ ਅਤੇ ਦਿਮਾਗ ਵਿੱਚ ਪਿਆਰ ਹੁੰਦਾ ਹੈ, ਉਹ ਹਰ ਥਾਂ ਆਪਣੇਪਣ ਦਾ ਮਾਹੌਲ ਪੈਦਾ ਕਰ ਦਿੰਦਾ ਹੈ। ਦਿਮਾਗ ਵਿੱਚ ਚੰਗੇ ਵਿਚਾਰਾਂ, ਸ਼ੁੱਭ ਗੁਣਾਂ ਨਾਲ ਸਭ ਨੂੰ ਆਪਣੇ ਨਾਲ ਜਲਦੀ ਜੋੜਿਆ ਜਾ ਸਕਦਾ ਹੈ। ਕਿਉਂਕਿ ਹਰ ਇੰਨਸਾਨ ਪਿਆਰ ਚਾਹੁੰਦਾ ਹੈ ਨਾ ਕਿ ਨਫ਼ਰਤ। ਇਹ ਇੰਨਸਾਨੀ ਫ਼ਿਤਰਤ ਹੈ, ਇੰਨਸਾਨ ਇੱਕ ਸਮਾਜਿਕ ਪ੍ਰਾਣੀ ਹੈ।

ਨਫ਼ਰਤ ਕੰਧਾਂ ਬਣਾਉਂਦੀ ਹੈ, ਜਦਕਿ ਪਿਆਰ ਦਿਲਾਂ ਨੂੰ ਜੋੜਦਾ ਹੈ।

6. ਦਇਆ ਅਤੇ ਮਨੁੱਖਤਾ ਸਭ ਤੋਂ ਕੀਮਤੀ ਧਨ ਹਨ —

ਜੀਵਨ ਦੀ ਚਕਾਚੌਂਧ ਵਿੱਚ ਜਿਵੇਂ ਇਨਸਾਨੀਅਤ ਕੀਤੇ ਅਲੋਪ ਹੁੰਦੀ ਜਾ ਰਹੀ ਹੈ। ਹਰ ਪਾਸੇ ਗੈਰ-ਮਨੁੱਖੀ ਅਤੇ ਜ਼ਾਲਿਮ ਤਰੀਕਿਆਂ ਨਾਲ ਬਸ ਅੱਗੇ ਨਿਕਲਣ ਦੀ ਇੱਕ ਦੌੜ ਲੱਗੀ ਹੋਈ ਹੈ। ਹਰ ਕੋਈ ਬਸ ਇੱਕ ਦੂਜੇ ਨੂੰ ਗਿਰਾ ਕੇ ਆਪਣੀ ਪੌੜੀ ਬਣਾ ਰਿਹਾ ਹੈ। ਦਇਆ ਅਤੇ ਮਨੁੱਖਤਾ ਕਿਧਰੇ ਗੁਆਚਦੀ ਜਾ ਰਹੀ ਹੈ।

ਇੱਕ ਦਿਨ ਦੀ ਦੌਲਤ ਖ਼ਤਮ ਹੋ ਸਕਦੀ ਹੈ, ਇੱਕ ਅਹੁਦਾ ਛਿਨ ਸਕਦਾ ਹੈ, ਕੋਈ ਤੁਹਾਡਾ ਸਭ ਕੁਝ ਖੋਹ ਸਕਦਾ ਹੈ। ਪਰ ਮਨੁੱਖਤਾ ਅਤੇ ਦਇਆ ਕਦੇ ਖ਼ਤਮ ਨਹੀਂ ਹੁੰਦੀਆਂ। ਦਿਮਾਗ ਅੰਦਰ ਚੰਗੇ ਵਤੀਰੇ, ਦਇਆ, ਮਨੁੱਖਤਾ ਦਾ ਬੀਜਿਆਂ ਬੀਜ ਹਮੇਸ਼ਾ ਲਈ ਪ੍ਰਫੁੱਲਤ ਹੁੰਦਾ ਰਹਿੰਦਾ ਹੈ। ਇੱਕ ਛੋਟੀ ਜਿਹੀ ਮਦਦ, ਇੱਕ ਹੌਸਲੇ ਭਰਿਆ ਸ਼ਬਦ ਜਾਂ ਕਿਸੇ ਦੁਖੀ ਵਿਅਕਤੀ ਦਾ ਸਾਥ ਦੇਣਾ ਕਈ ਵਾਰ ਲੱਖਾਂ ਰੁਪਏ ਨਾਲੋਂ ਵੀ ਵੱਧ ਕੀਮਤੀ ਹੁੰਦਾ ਹੈ। ਅਸਲੀ ਜੀਵਨ ਵਿੱਚ ਅਸੀਂ ਸਭ ਨੇ ਇਸਦਾ ਸੁਆਦ ਕਦੀ ਨਾ ਕਦੀ ਜ਼ਰੂਰ ਚੱਖਿਆ ਹੋਣਾ। ਜੋ ਦੂਜਿਆਂ ਤੇ ਦਇਆ ਅਤੇ ਮਨੁੱਖਤਾ ਦਿਖਾਉਂਦੇ ਹਨ, ਓਹਨਾ ਦੀ ਜਿੰਦਗੀ ਵਿੱਚ ਇੱਕ ਵੱਖਰਾ ਸਕੂਨ ਹੁੰਦਾ ਹੈ।

ਇਸੇ ਕਰਕੇ ਮਹਾਨ ਲੋਕਾਂ ਨੂੰ ਉਨ੍ਹਾਂ ਦੀ ਦੌਲਤ ਨਾਲ ਨਹੀਂ, ਸਗੋਂ ਉਨ੍ਹਾਂ ਦੀ ਮਨੁੱਖਤਾ ਅਤੇ ਦਇਆ ਨਾਲ ਯਾਦ ਕੀਤਾ ਜਾਂਦਾ ਹੈ।

7. ਜੀਵਨ ਦੀ ਇੱਕ ਸੱਚੀ ਉਦਾਹਰਨ

ਵੈਸੇ ਤਾਂ ਸਾਡੇ ਕੋਲ ਇਸ ਤਰ੍ਹਾ ਦੀਆਂ ਬਹੁਤ ਉਦਾਹਰਨਾਂ ਹਨ ਕਿ ਜਿਥੇ ਚੰਗੇ ਅਤੇ ਮਾੜੇ ਦਿਮਾਗੀ ਵਿਚਾਰਾਂ ਦਾ ਅਸਰ ਜੀਵਨ ਵਿੱਚ ਵੇਖਣ ਨੂੰ ਮਿਲਦਾ ਹੈ। ਫਿਰ ਵੀ ਇੱਕ ਪਿੰਡ ਵਿੱਚ ਦੋ ਵਿਅਕਤੀ ਰਹਿੰਦੇ ਸਨ। ਇੱਕ ਹਰ ਵੇਲੇ ਦੂਜਿਆਂ ਦੀ ਨਿੰਦਾ ਕਰਦਾ, ਈਰਖਾ ਕਰਦਾ ਅਤੇ ਗੁੱਸੇ ਵਿੱਚ ਰਹਿੰਦਾ ਸੀ। ਦੂਜਾ ਹਰ ਕਿਸੇ ਨਾਲ ਪਿਆਰ ਨਾਲ ਗੱਲ ਕਰਦਾ, ਕਿਤਾਬਾਂ ਪੜ੍ਹਦਾ ਅਤੇ ਲੋਕਾਂ ਦੀ ਮਦਦ ਕਰਦਾ ਸੀ।

ਸਮੇਂ ਦੇ ਨਾਲ ਪਹਿਲਾ ਵਿਅਕਤੀ ਇਕੱਲਾ ਪੈ ਗਿਆ, ਜਦਕਿ ਦੂਜੇ ਵਿਅਕਤੀ ਨੂੰ ਪੂਰੇ ਪਿੰਡ ਦਾ ਸਤਿਕਾਰ ਮਿਲਿਆ।

ਦੋਵਾਂ ਕੋਲ ਇੱਕੋ ਜਿਹਾ ਦਿਮਾਗ ਸੀ, ਫ਼ਰਕ ਸਿਰਫ਼ ਇਹ ਸੀ ਕਿ ਇੱਕ ਨੇ ਉਸ ਨੂੰ ਕੂੜੇ ਦਾ ਡੱਬਾ ਬਣਾਇਆ ਅਤੇ ਦੂਜੇ ਨੇ ਖ਼ਜ਼ਾਨਾ।

ਕਈ ਵਾਰ ਸਕੇ ਭੈਣ ਭਰਾਵਾਂ, ਰਿਸ਼ਤੇਦਾਰਾਂ, ਦੋਸਤਾਂ ਜਾਂ ਸਮਾਜ ਵਿੱਚ ਰਹਿੰਦੇ ਲੋਕਾਂ ਵਿੱਚ ਇਹ ਸਭ ਦਿਮਾਗੀ ਅੰਤਰ ਵੇਖਣ ਨੂੰ ਮਿਲ ਜਾਂਦੇ ਹਨ, ਕਿ ਕੁਝ ਬਹੁਤ ਮਾਣ ਸਤਿਕਾਰ ਪਾਉਂਦੇ ਹਨ ਅਤੇ ਕੁਝ ਬਾਕੀਆਂ ਦੀ ਨਫ਼ਰਤ। ਇਹ ਸਿਰਫ ਦਿਮਾਗ ਅੰਦਰ ਚੰਗੇ ਅਤੇ ਮਾੜੇ ਵਿਚਾਰਾਂ ਦਾ ਅਸਰ ਹੀ ਹੁੰਦਾ ਹੈ।

ਅੱਜ ਦੀ ਪੀੜ੍ਹੀ ਲਈ ਸੰਦੇਸ਼ ਮੇਰੇ ਵਿਚਾਰ ਵਿੱਚ ਜੇਕਰ ਤੁਸੀਂ ਆਪਣਾ ਭਵਿੱਖ ਸੁੰਦਰ ਬਣਾਉਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਆਪਣੇ ਵਿਚਾਰਾਂ ਨੂੰ ਸੁੰਦਰ ਬਣਾਓ। ਤੁਸੀ ਆਪਣੇ ਆਪ ਸੁੰਦਰ ਬਣ ਜਾਣਾ ਹੈ।

ਆਪਣੇ ਦਿਮਾਗ ਵਿੱਚ ਗੁੱਸਾ, ਈਰਖਾ ਅਤੇ ਅਹੰਕਾਰ ਇਕੱਠਾ ਕਰਨ ਦੀ ਬਜਾਏ ਗਿਆਨ, ਦਇਆ, ਮਨੁੱਖਤਾ ਅਤੇ ਸਕਾਰਾਤਮਕ ਸੋਚ ਨੂੰ ਜਗ੍ਹਾ ਦਿਓ।

ਕਿਉਂਕਿ ਮਨੁੱਖ ਉਹੀ ਬਣਦਾ ਹੈ ਜੋ ਉਹ ਹਰ ਰੋਜ਼ ਸੋਚਦਾ ਹੈ। ਦਿਮਾਗ ਪਰਮਾਤਮਾ ਵੱਲੋਂ ਮਿਲਿਆ ਇੱਕ ਅਨਮੋਲ ਖ਼ਜ਼ਾਨਾ ਹੈ। ਇਸ ਨੂੰ ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਈਰਖਾ ਵਰਗੇ ਕੂੜੇ ਨਾਲ ਭਰਨ ਦੀ ਬਜਾਏ ਪਿਆਰ, ਸਤਿਕਾਰ, ਗਿਆਨ, ਵਿਗਿਆਨ, ਮਨੁੱਖਤਾ ਅਤੇ ਦਇਆ ਵਰਗੀਆਂ ਕੀਮਤੀ ਚੀਜ਼ਾਂ ਨਾਲ ਭਰਨਾ ਚਾਹੀਦਾ ਹੈ।

ਹਮੇਸ਼ਾ ਯਾਦ ਰੱਖਿਓ, ਘੱਟ ਪੈਸਾ, ਸ਼ੋਹਰਤ, ਜਾਂ ਥੋੜਾ ਘੱਟ ਖਾ ਕੇ ਵੀ ਗੁਜ਼ਾਰਾ ਹੋ ਹੀ ਜਾਣਾ ਹੈ, ਪਰ ਜਿਸ ਦਿਮਾਗ ਵਿੱਚ ਚੰਗੇ ਵਿਚਾਰ ਵੱਸਦੇ ਹਨ, ਉਸੇ ਜੀਵਨ ਵਿੱਚ ਸੱਚੀ ਖੁਸ਼ਹਾਲੀ, ਸ਼ਾਂਤੀ, ਸਕੂਨ ਅਤੇ ਸਫਲਤਾ ਵੱਸਦੀ ਹੈ। ਵਿਚਾਰ ਲਿਖਦੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੋਵੇ ਤਾਂ ਮਾਫ਼ ਕਰਨਾ ਜੀ।

"ਦਿਮਾਗ ਕੂੜੇ ਦਾ ਡੱਬਾ ਨਹੀਂ, ਇੱਕ ਅਜਿਹਾ ਖ਼ਜ਼ਾਨਾ ਹੈ ਜਿਸ ਦੀ ਕੀਮਤ ਸਾਡੇ ਵਿਚਾਰ ਤੈਅ ਕਰਦੇ ਹਨ।"



**ਅਵਤਾਰ ਸਿੰਘ**
ਅੰਗਰੇਜ਼ੀ ਮਾਸਟਰ
ਕਪੂਰਥਲਾ
7986364129

# ਮਹਰੰਗ ਬਲੋਚ ਸੰਘਰਸ਼, ਸਿਆਸਤ ਅਤੇ ਬਲੋਚਿਸਤਾਨ ਦੀ ਆਵਾਜ਼

**ਗੁਰਭਿੰਦਰ ਗੁਰੀ**



ਮਹਰੰਗ ਬਲੋਚ ਅੱਜ ਪਾਕਿਸਤਾਨ ਦੇ ਬਲੋਚਿਸਤਾਨ ਖੇਤਰ ਨਾਲ ਜੁੜੀਆਂ ਸਭ ਤੋਂ ਚਰਚਿਤ ਸ਼ਖ਼ਸੀਅਤਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਕੁਝ ਲੋਕ ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਬਹਾਦਰ ਮਹਿਲਾ ਮੰਨਦੇ ਹਨ, ਜਦਕਿ ਕੁਝ ਆਲੋਚਕ ਉਨ੍ਹਾਂ ਦੇ ਅੰਦੋਲਨਾਂ ਅਤੇ ਵਿਚਾਰਾਂ ਉੱਤੇ ਸਵਾਲ ਵੀ ਉਠਾਉਂਦੇ ਹਨ। ਇੱਕ ਗੱਲ ਸਪੱਸ਼ਟ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਮਹਰੰਗ ਬਲੋਚ ਦਾ ਨਾਮ ਸਿਰਫ਼ ਬਲੋਚਿਸਤਾਨ ਤੱਕ ਸੀਮਿਤ ਨਹੀਂ ਰਿਹਾ, ਸਗੋਂ ਵਿਸ਼ਵ ਪੱਧਰ 'ਤੇ ਵੀ ਚਰਚਾ ਦਾ ਵਿਸ਼ਾ ਬਣ ਗਿਆ ਹੈ।

**ਬਲੋਚਿਸਤਾਨ: ਇੱਕ ਪਿਛੋਕੜ**

ਮਹਰੰਗ ਬਲੋਚ ਨੂੰ ਸਮਝਣ ਤੋਂ ਪਹਿਲਾਂ ਬਲੋਚਿਸਤਾਨ ਨੂੰ ਸਮਝਣਾ ਜ਼ਰੂਰੀ ਹੈ। ਬਲੋਚਿਸਤਾਨ ਪਾਕਿ-ਸਤਾਨ ਦਾ ਖੇਤਰਫਲ ਦੇ ਹਿਸਾਬ ਨਾਲ ਸਭ ਤੋਂ ਵੱਡਾ ਸੂਬਾ ਹੈ, ਪਰ ਇਸ ਦੀ ਆਬਾਦੀ ਦੂਜੇ ਸੂਬਿਆਂ ਨਾਲੋਂ ਘੱਟ ਹੈ। ਇਹ ਖੇਤਰ ਕੁਦਰਤੀ ਗੈਸ, ਸੋਨਾ, ਤਾਂਬਾ ਅਤੇ ਹੋਰ ਕਈ ਕੀਮਤੀ ਸਰੋਤਾਂ ਨਾਲ ਭਰਪੂਰ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਕਈ ਸਥਾਨਕ ਲੋਕ ਲੰਬੇ ਸਮੇਂ ਤੋਂ ਇਹ ਦੋਸ਼ ਲਗਾਉਂਦੇ ਰਹੇ ਹਨ ਕਿ ਵਿਕਾਸ ਅਤੇ ਸਰੋਤਾਂ ਦੇ ਲਾਭ ਉਨ੍ਹਾਂ ਤੱਕ ਪੂਰੀ ਤਰ੍ਹਾਂ ਨਹੀਂ ਪਹੁੰਚੇ। ਵੱਖ-ਵੱਖ ਸਮਿਆਂ ਵਿੱਚ ਇੱਥੇ ਸਿਆਸੀ ਅਸੰਤੋਸ਼, ਵੱਖਵਾਦੀ ਹਿੰਸਾ ਅਤੇ ਮਨੁੱਖੀ ਅਧਿਕਾਰਾਂ ਦੇ ਮਾਮਲੇ ਚਰਚਾ ਵਿੱਚ ਰਹੇ ਹਨ।

**ਇਸੇ ਮਾਹੌਲ ਵਿੱਚ ਮਹਰੰਗ ਬਲੋਚ ਦੀ ਜ਼ਿੰਦਗੀ ਅਤੇ ਸੰਘਰਸ਼ ਨੇ ਰੂਪ ਲਿਆ।**

ਮਹਰੰਗ ਬਲੋਚ ਦਾ ਜਨਮ 1993 ਵਿੱਚ ਪਾਕਿਸਤਾਨ ਦੇ ਬਲੋਚਿਸਤਾਨ ਦੇ ਮੰਗੋਚਰ ਖੇਤਰ ਵਿੱਚ ਹੋਇਆ। ਉਹ ਇੱਕ ਅਜਿਹੇ ਪਰਿਵਾਰ ਵਿੱਚ ਪੈਦਾ ਹੋਈ ਜਿਸਦਾ ਸਮਾਜਿਕ ਅਤੇ ਰਾਜਨੀਤਿਕ ਮਸਲਿਆਂ ਨਾਲ ਸੰਬੰਧ ਰਿਹਾ। ਉਨ੍ਹਾਂ ਦੇ ਪਿਤਾ ਅਬਦੁਲ ਗ਼ਫ਼ਾਰ ਲਾਂਗੋਵੇ ਰਾਜਨੀਤਿਕ ਅਤੇ ਸਮਾਜਿਕ ਮੁੱਦਿਆਂ ਨਾਲ ਜੁੜੇ ਹੋਏ ਸਨ।

ਪਰ ਮਹਰੰਗ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਝਟਕਾ ਉਸ ਸਮੇਂ ਆਇਆ ਜਦੋਂ ਉਨ੍ਹਾਂ ਦੇ ਪਿਤਾ ਕਥਿਤ ਤੌਰ 'ਤੇ ਲਾਪਤਾ ਹੋ ਗਏ। ਬਾਅਦ ਵਿੱਚ ਉਨ੍ਹਾਂ ਦੀ ਮੌਤ ਦੀਆਂ ਖ਼ਬਰਾਂ ਸਾਹਮਣੇ ਆਈਆਂ। ਇਹ ਘਟਨਾ ਮਹਰੰਗ ਲਈ ਕੇਵਲ ਇੱਕ ਪਰਿਵਾਰਕ ਦੁੱਖ ਨਹੀਂ ਸੀ; ਇਸ ਨੇ ਉਨ੍ਹਾਂ ਦੀ ਸੋਚ, ਜੀਵਨ ਅਤੇ ਭਵਿੱਖ ਦੀ ਦਿਸ਼ਾ ਹੀ ਬਦਲ ਦਿੱਤੀ।

ਕਈ ਇੰਟਰਵਿਊਆਂ ਵਿੱਚ ਇਹ ਗੱਲ ਸਾਹਮਣੇ ਆਈ ਕਿ ਇਸ ਘਟਨਾ ਨੇ ਉਨ੍ਹਾਂ ਦੇ ਅੰਦਰ ਇਨਸਾਫ਼ ਲਈ ਲੜਨ ਦਾ ਜਜ਼ਬਾ ਪੈਦਾ ਕੀਤਾ।

**ਡਾਕਟਰ ਤੋਂ ਕਾਰਕੁਨ ਤੱਕ ਦਾ ਸਫ਼ਰ**

ਮਹਰੰਗ ਬਲੋਚ ਨੇ ਡਾਕਟਰੀ ਦੀ ਪੜ੍ਹਾਈ ਕੀਤੀ ਅਤੇ ਐਮਬੀਬੀਐਸ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦਾ ਕਰੀਅਰ ਇੱਕ ਡਾਕਟਰ ਵਜੋਂ ਬਣ ਸਕਦਾ ਸੀ, ਪਰ ਜ਼ਿੰਦਗੀ ਨੇ ਉਨ੍ਹਾਂ ਲਈ ਵੱਖਰਾ ਰਸਤਾ ਚੁਣਿਆ।

ਜਦੋਂ ਇੱਕ ਵਿਅਕਤੀ ਆਪਣੀ ਨਿੱਜੀ ਤਕਲੀਫ਼ ਨੂੰ ਸਮਾਜਕ ਮਿਸ਼ਨ ਵਿੱਚ ਬਦਲ ਦਿੰਦਾ ਹੈ, ਤਾਂ ਉਸ ਦੀ ਭੂਮਿਕਾ ਸਿਰਫ਼ ਇੱਕ ਪੇਸ਼ੇ ਤੱਕ ਸੀਮਿਤ ਨਹੀਂ ਰਹਿੰਦੀ। ਮਹਰੰਗ ਦੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਉਹ ਹੌਲੀ-ਹੌਲੀ ਲੋਕਾਂ ਦੀਆਂ ਸਮੱਸਿਆਵਾਂ ਨਾਲ ਜੁੜਦੀਆਂ ਗਈਆਂ।

**ਲਾਪਤਾ ਲੋਕਾਂ ਦਾ ਮੁੱਦਾ**

ਮਹਰੰਗ ਬਲੋਚ ਨੇ ਜਿਨ੍ਹਾਂ ਮੁੱਦਿਆਂ ਨੂੰ ਸਭ ਤੋਂ ਵੱਧ ਉਭਾਰਿਆ, ਉਨ੍ਹਾਂ ਵਿੱਚ ਕਥਿਤ ਜ਼ਬਰਦਸਤੀ ਲਾਪਤਾ ਕੀਤੇ ਜਾਣ ਵਾਲੇ ਲੋਕਾਂ ਦਾ ਮਾਮਲਾ ਪ੍ਰਮੁੱਖ ਹੈ। ਉਨ੍ਹਾਂ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਕਈ ਲੋਕਾਂ ਨੂੰ ਸੁਰੱਖਿਆ ਕਾਰਵਾਈਆਂ ਜਾਂ ਹੋਰ ਹਾਲਾਤਾਂ ਦੌਰਾਨ ਚੁੱਕਿਆ ਗਿਆ ਅਤੇ ਪਰਿਵਾਰਾਂ ਨੂੰ ਉਨ੍ਹਾਂ ਬਾਰੇ ਜਾਣਕਾਰੀ ਨਹੀਂ ਮਿਲੀ।

ਦੂਜੇ ਪਾਸੇ ਪਾਕਿਸਤਾਨੀ ਸਰਕਾਰ ਅਤੇ ਸੁਰੱਖਿਆ ਸੰਸਥਾਵਾਂ ਨੇ ਕਈ ਮਾਮਲਿਆਂ ਵਿੱਚ ਕਿਹਾ ਹੈ ਕਿ ਬਲੋਚਿਸਤਾਨ ਵਿੱਚ ਸੁਰੱਖਿਆ ਦੀ ਸਥਿਤੀ ਜਟਿਲ ਹੈ, ਜਿੱਥੇ ਵੱਖਵਾਦੀ ਹਥਿਆਰਬੰਦ ਗਰੁੱਪ ਵੀ ਸਰਗਰਮ ਹਨ।

ਇਹੀ ਕਾਰਨ ਹੈ ਕਿ ਇਹ ਮੁੱਦਾ ਕਾਫ਼ੀ ਵਿਵਾਦਪੂਰਨ ਬਣਿਆ ਹੋਇਆ ਹੈ।

**ਬਲੋਚ ਯਕਜਹਤੀ ਕਮੇਟੀ**

ਮਹਰੰਗ ਬਲੋਚ ਦਾ ਨਾਮ ਜ਼ਿਆਦਾਤਰ ਬਲੋਚ ਯਕਜਹਤੀ ਕਮੇਟੀ (ਬੈਛ) ਨਾਲ ਜੋੜਿਆ ਜਾਂਦਾ ਹੈ। ਇਹ ਸੰਗਠਨ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਅਤੇ ਸ਼ਾਂਤੀਪੂਰਨ ਵਿਰੋਧ ਦੀ ਆਵਾਜ਼ ਦੱਸਦਾ ਹੈ।

ਸੰਗਠਨ ਨੇ ਵੱਖ-ਵੱਖ ਸਮਿਆਂ ਵਿੱਚ ਰੈਲੀਆਂ, ਧਰਨੇ ਅਤੇ ਲੰਬੇ ਮਾਰਚ ਕੀਤੇ ਹਨ। ਇਨ੍ਹਾਂ ਦਾ ਮੁੱਖ ਉਦੇਸ਼ ਬਲੋਚ ਲੋਕਾਂ ਦੇ ਮਸਲਿਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਉਣਾ ਰਿਹਾ ਹੈ।

2023 ਦਾ ਲੰਮਾ ਮਾਰਚ

ਮਹਰੰਗ ਬਲੋਚ ਨੂੰ ਸਭ ਤੋਂ ਵੱਧ ਅੰਤਰਰਾਸ਼ਟਰੀ ਪਹਿਚਾਣ ਉਸ ਵੇਲੇ ਮਿਲੀ ਜਦੋਂ ਉਨ੍ਹਾਂ ਨੇ ਇੱਕ ਵੱਡੇ ਲੰਮੇ ਮਾਰਚ ਦੀ ਅਗਵਾਈ ਕੀਤੀ। ਇਸ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਮਹਿਲਾਵਾਂ ਅਤੇ ਪਰਿਵਾਰ ਸ਼ਾਮਲ ਹੋਏ। ਇਹ ਮਾਰਚ ਬਲੋਚਿਸਤਾਨ ਤੋਂ ਸ਼ੁਰੂ ਹੋ ਕੇ ਇਸਲਾਮਾਬਾਦ ਤੱਕ ਗਿਆ।



ਇਸ ਮਾਰਚ ਨੇ ਦੋ ਗੱਲਾਂ ਨੂੰ ਖਾਸ ਤੌਰ 'ਤੇ ਉਜਾਗਰ ਕੀਤਾ:

ਬਲੋਚ ਅੰਦੋਲਨਾਂ ਵਿੱਚ ਮਹਿਲਾਵਾਂ ਦੀ ਵਧਦੀ ਭੂਮਿਕਾ

ਅੰਤਰਰਾਸ਼ਟਰੀ ਮੀਡੀਆ ਦਾ ਧਿਆਨ

**ਮਹਿਲਾ ਲੀਡਰਸ਼ਿਪ ਦੀ ਨਵੀਂ ਪਹਿਚਾਣ**

ਬਲੋਚ ਸਮਾਜ ਰਵਾਇਤੀ ਤੌਰ 'ਤੇ ਕਾਫ਼ੀ ਰੂੜ੍ਹੀਵਾਦੀ ਮੰਨਿਆ ਜਾਂਦਾ ਹੈ। ਅਜਿਹੇ ਮਾਹੌਲ ਵਿੱਚ ਇੱਕ ਮਹਿਲਾ ਵੱਲੋਂ ਵੱਡੇ ਪੱਧਰ 'ਤੇ ਅਗਵਾਈ ਕਰਨਾ ਬਹੁਤ ਮਹੱਤਵਪੂਰਨ ਮੰਨਿਆ ਗਿਆ।

ਮਹਰੰਗ ਦੇ ਸਮਰਥਕ ਕਹਿੰਦੇ ਹਨ ਕਿ ਉਨ੍ਹਾਂ ਨੇ ਮਹਿਲਾਵਾਂ ਨੂੰ ਅੱਗੇ ਆਉਣ ਲਈ ਹੌਸਲਾ ਦਿੱਤਾ। ਕਈ ਥਾਵਾਂ ਉੱਤੇ ਮਹਿਲਾਵਾਂ ਪਹਿਲੀ ਵਾਰ ਵੱਡੇ ਪੱਧਰ ਦੇ ਜਨਤਕ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਈਆਂ।

**ਅੰਤਰਰਾਸ਼ਟਰੀ ਪਛਾਣ**

ਮਹਰੰਗ ਬਲੋਚ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਵੀ ਸਾਹਮਣੇ ਆਇਆ। ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਉਭਰ ਰਹੀਆਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀਆਂ ਸੂਚੀਆਂ ਵਿੱਚ ਸ਼ਾਮਲ ਕੀਤਾ ਗਿਆ ਅਤੇ ਉਨ੍ਹਾਂ ਦੇ ਕੰਮ ਦੀ ਕਈ ਸੰਗਠਨਾਂ ਨੇ ਪ੍ਰਸ਼ੰਸਾ ਕੀਤੀ।

ਉਨ੍ਹਾਂ ਦੀ ਪ੍ਰਸਿੱਧੀ ਨੇ ਇਹ ਵੀ ਦਰਸਾਇਆ ਕਿ ਸਥਾਨਕ ਮੁੱਦੇ ਹੁਣ ਗਲੋਬਲ ਚਰਚਾ ਦਾ ਹਿੱਸਾ ਬਣ ਰਹੇ ਹਨ।

**ਵਿਵਾਦ ਅਤੇ ਆਲੋਚਨਾ**

ਜਿੱਥੇ ਮਹਰੰਗ ਦੇ ਸਮਰਥਕ ਉਨ੍ਹਾਂ ਨੂੰ ਸ਼ਾਂਤੀ ਅਤੇ ਇਨਸਾਫ਼ ਦੀ ਆਵਾਜ਼ ਮੰਨਦੇ ਹਨ, ਉੱਥੇ ਕੁਝ ਆਲੋਚਕ ਉਨ੍ਹਾਂ ਦੇ ਅੰਦੋਲਨਾਂ ਉੱਤੇ ਸਵਾਲ ਉਠਾਉਂਦੇ ਹਨ। ਕੁਝ ਲੋਕ ਦੋਸ਼ ਲਗਾਉਂਦੇ ਰਹੇ ਹਨ ਕਿ ਉਨ੍ਹਾਂ ਦੀ ਲਹਿਰ ਵੱਖਵਾਦੀ ਰਾਜਨੀਤੀ ਨਾਲ ਜੁੜ ਸਕਦੀ ਹੈ, ਜਦਕਿ ਉਨ੍ਹਾਂ ਅਤੇ ਬੈਛ ਨੇ ਆਪਣੇ ਆਪ ਨੂੰ ਸ਼ਾਂਤੀਪੂਰਨ ਅਤੇ ਗੈਰ-ਹਿੰਸਕ ਅੰਦੋਲਨ ਦੱਸਿਆ ਹੈ।

ਇਸ ਮਾਮਲੇ ਵਿੱਚ ਵੱਖ-ਵੱਖ ਪੱਖਾਂ ਦੀਆਂ ਵੱਖ-ਵੱਖ ਧਾਰਣਾਵਾਂ ਮੌਜੂਦ ਹਨ।

**ਗ੍ਰਿਫ਼ਤਾਰੀਆਂ ਅਤੇ ਕਾਨੂੰਨੀ ਚੁਣੌਤੀਆਂ**

ਪਿਛਲੇ ਕੁਝ ਸਾਲਾਂ ਵਿੱਚ ਮਹਰੰਗ ਬਲੋਚ ਕਈ ਕਾਨੂੰਨੀ ਅਤੇ ਰਾਜਨੀਤਿਕ ਚੁਣੌਤੀਆਂ ਦਾ ਸਾਹ-ਮਣਾ ਕਰ ਚੁੱਕੀ ਹੈ। ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਅਤੇ ਅਦਾਲਤੀ ਮਾਮਲਿਆਂ ਨੇ ਵੱਡੀ ਚਰਚਾ ਪੈਦਾ ਕੀਤੀ। ਹਾਲੀਆ ਸਾਲਾਂ ਵਿੱਚ ਉਨ੍ਹਾਂ ਖ਼ਿਲਾਫ਼ ਗੰਭੀਰ ਦੋਸ਼ਾਂ ਤਹਿਤ ਕਾਰਵਾਈ ਵੀ ਹੋਈ, ਜਦਕਿ ਉਨ੍ਹਾਂ ਅਤੇ ਸਮਰਥਕਾਂ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ।

ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਕਿਸੇ ਵੀ ਅੰਦੋਲਨ ਨੂੰ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਾ ਸਕਦਾ ਹੈ। ਮਹਰੰਗ ਬਲੋਚ ਨੇ ਵੀ ਡਿਜ਼ਿਟਲ ਮਾਧਿਅਮਾਂ ਰਾਹੀਂ ਆਪਣੀ ਗੱਲ ਲੋਕਾਂ ਤੱਕ ਪਹੁੰਚਾਈ। ਉਨ੍ਹਾਂ ਦੇ ਸਮਰਥਕ ਉਨ੍ਹਾਂ ਨੂੰ ਹਿੰਮਤ ਦੀ ਨਿਸ਼ਾਨੀ ਮੰਨਦੇ ਹਨ।

ਮਹਰੰਗ ਬਲੋਚ ਦੀ ਕਹਾਣੀ ਹਾਲੇ ਮੁਕੰਮਲ ਨਹੀਂ ਹੋਈ। ਉਨ੍ਹਾਂ ਦੀ ਜ਼ਿੰਦਗੀ ਨਾਲ ਕਈ ਸਵਾਲ ਜੁੜੇ ਹਨ:

ਕੀ ਬਲੋਚਿਸਤਾਨ ਦੇ ਮੁੱਦਿਆਂ ਦਾ ਹੱਲ ਨਿਕਲੇਗਾ?

ਕੀ ਮਨੁੱਖੀ ਅਧਿਕਾਰਾਂ ਨਾਲ ਜੁੜੇ ਦੋਸ਼ਾਂ ਦੀ ਜਾਂਚ ਹੋਵੇਗੀ?

ਕੀ ਸੰਵਾਦ ਰਾਹੀਂ ਤਣਾਅ ਘੱਟ ਹੋਵੇਗਾ?

ਇਨ੍ਹਾਂ ਸਵਾਲਾਂ ਦੇ ਜਵਾਬ ਭਵਿੱਖ ਵਿੱਚ ਹੀ ਮਿਲਣਗੇ।

ਮਹਰੰਗ ਬਲੋਚ ਦੀ ਕਹਾਣੀ ਸਿਰਫ਼ ਇੱਕ ਵਿਅਕਤੀ ਦੀ ਜੀਵਨੀ ਨਹੀਂ ਹੈ। ਇਹ ਇੱਕ ਖੇਤਰ, ਇੱਕ ਸਮਾਜ ਅਤੇ ਉਸ ਸੰਘਰਸ਼ ਦੀ ਕਹਾਣੀ ਹੈ ਜਿਸ ਵਿੱਚ ਲੋਕ ਆਪਣੀ ਪਹਿਚਾਣ, ਇਨਸਾਫ਼ ਅਤੇ ਅਧਿਕਾਰਾਂ ਲਈ ਆਵਾਜ਼ ਉਠਾਉਂਦੇ ਹਨ। ਉਨ੍ਹਾਂ ਨੂੰ ਕੋਈ ਹੀਰੋ ਮੰਨਦਾ ਹੈ, ਕੋਈ ਵਿਵਾਦਤ ਸ਼ਖ਼ਸੀਅਤ; ਪਰ ਇਹ ਗੱਲ ਮੰਨਣਯੋਗ ਹੈ ਕਿ ਉਨ੍ਹਾਂ ਨੇ ਬਲੋਚਿਸਤਾਨ ਦੇ ਮੁੱਦਿਆਂ ਨੂੰ ਵਿਸ਼ਵ ਪੱਧਰ ਦੀ ਚਰਚਾ ਵਿੱਚ ਲਿਆਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com